Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 78 Tuesday, April 20, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Federal Budget 2021

# ਸਰਕਾਰ ਨੇ ਪੇਸ਼ ਕੀਤਾ 101.4 ਬਿਲੀਅਨ ਡਾਲਰ ਦੇ ਖਰਚੇ ਵਾਲਾ ਬਜਟ

**ਚਾਈਲਡ ਕੇਅਰ ਪਲੈਨ ਲਈ 30 ਬਿਲੀਅਨ ਡਾਲਰ**

**ਫੈਡਰਲ ਪੱਧਰ ਉੱਤੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧੇ**

**ਗ੍ਰੀਨ ਨਿਵੇਸ਼ ਵਿੱਚ 17.6 ਬਿਲੀਅਨ ਡਾਲਰ ਦੇਣ ਦਾ ਵਾਅਦਾ**

ਓਟਵਾ, 19 ਅਪਰੈਲ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਇਤਿਹਾਸਕ ਬਜਟ ਵਿੱਚ ਫੈਡਰਲ ਸਰਕਾਰ ਨੇ ਕੋਵਿਡ-19 ਦੀ ਤੀਜੀ ਵੇਵ ਦੌਰਾਨ ਦੇਸ਼ ਦੀ ਮਦਦ ਕਰਨ ਤੇ ਮਹਾਂਮਾਰੀ ਤੋਂ ਬਾਅਦ ਆਰਥਿਕ ਰਿਕਵਰੀ ਨੂੰ ਹੁਲਾਰਾ ਦੇਣ ਲਈ 101.4 ਬਿਲੀਅਨ ਡਾਲਰ ਹੋਰ ਖਰਚਣ ਦਾ ਟੀਚਾ ਮਿਥਿਆ। ਸੋਮਵਾਰ ਨੂੰ ਪੇਸ਼ ਕੀਤੇ ਗਏ ਫੈਡਰਲ ਬਜਟ ਵਿੱਚ ਫੈਡਰਲ ਲਿਬਰਲਾਂ ਨੇ ਕੈਨੇਡੀਅਨ ਅਰਥਚਾਰੇ ਦੇ ਪੁਨਰ ਨਿਰਮਾਣ ਵਿੱਚ ਸਾਰੇ ਕੈਨੇਡੀਅਨਾਂ ਨੂੰ ਨਾਲ ਲੈ ਕੇ ਤੁਰਨ ਦਾ ਫੈਸਲਾ ਕੀਤਾ। ਇਸ ਦੌਰਾਨ ਪੈਨਡੈਮਿਕ ਬਿਜ਼ਨਸ ਤੇ ਹੈਲਥ ਸਪੋਰਟ ਵਿੱਚ ਵਾਧੇ ਦੇ ਨਾਲ ਨਾਲ ਕੌਮੀ ਚਾਈਲਡ ਕੇਅਰ ਪਲੈਨ ਲਈ 30 ਬਿਲੀਅਨ ਡਾਲਰ ਦੇਣ, ਫੈਡਰਲ ਪੱਧਰ ਉੱਤੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧੇ, ਗ੍ਰੀਨ ਨਿਵੇਸ਼ ਵਿੱਚ 17.6 ਬਿਲੀਅਨ ਡਾਲਰ ਦੇਣ ਦਾ ਵਾਅਦਾ ਵੀ ਕੀਤਾ।

ਇਸ ਬਜਟ ਨੂੰ ਟਾਈਟਲ ਦਿੱਤਾ ਗਿਆ-"ਰੋਜ਼ਗਾਰ, ਵਿਕਾਸ ਤੇ ਸੁਲ੍ਹਾ ਲਈ ਰਿਕਵਰੀ ਪਲੈਨ।" ਇਸ ਬਜਟ ਵਿੱਚ ਸਾਲ 2020 ਦੌਰਾਨ 354.2 ਬਿਲੀਅਨ ਡਾਲਰ ਦਾ ਘਾਟਾ ਪੈਣ ਦੀ ਗੱਲ ਆਖੀ ਗਈ ਤੇ ਇਹ ਵੀ ਆਖਿਆ ਗਿਆ ਕਿ 2021-22 ਵਿੱਤੀ ਵਰ੍ਹੇ ਦੌਰਾਨ ਇਹ ਘਾਟਾ ਘਟ ਕੇ 154.7 ਬਿਲੀਅਨ ਡਾਲਰ ਰਹਿ ਜਾਵੇਗਾ। ਸਰਕਾਰ ਨੇ ਆਖਿਆ ਕਿ ਗਲੋਬਲ ਪੱਧਰ ਉੱਤੇ ਹੀ ਮਜ਼ਬੂਤ ਆਰਥਿਕ ਰਿਕਵਰੀ ਸ਼ੁਰੂ ਹੋ ਚੁੱਕੀ ਹੈ ਤੇ ਇਸ ਕਾਰਨ ਘਾਟੇ ਵਿੱਚ ਕਮੀ ਆਵੇਗੀ। ਪਰ ਸਰਕਾਰ ਵੱਲੋਂ ਗ੍ਰਿਣਵਾਏ ਗਏ ਵੱਡੇ ਖਰਚਿਆਂ ਕਾਰਨ ਇਹ ਆਖਿਆ ਜਾ ਸਕਦਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਘਾਟਾ ਇਸ ਤਰ੍ਹਾਂ ਹੀ ਮੂੰਹ ਅੱਡੀ ਖੜ੍ਹਾ ਰਹੇਗਾ।

ਫਰੀਲੈਂਡ ਵੱਲੋਂ ਅਗਲੇ ਤਿੰਨ ਸਾਲਾਂ ਵਿੱਚ ਕੈਨੇਡਾ ਦੀ ਜੀਡੀਪੀ ਦਾ 4.2 ਫੀ ਸਦੀ ਮੰਦਵਾੜੇ ਵਿੱਚੋਂ ਬਾਹਰ ਨਿਕਲਣ ਉੱਤੇ ਖਰਚ ਕਰਨ ਦੀ ਗੱਲ ਆਖੀ। ਪ੍ਰੈੱਸ ਕਾਨਫਰੰਸ ਦੌਰਾਨ ਫਰੀਲੈਂਡ ਨੇ ਆਖਿਆ ਕਿ ਇਹ ਬਜਟ ਸਮਾਰਟ, ਜ਼ਿੰਮੇਵਾਰ, ਰੋਜਗਾਰ ਤੇ ਵਿਕਾਸ ਲਈ ਤਾਂਘਵਾਣ ਹੈ ਤੇ ਕੋਵਿਡ-19 ਕਾਰਨ ਪੈਦਾ ਹੋਏ ਮੰਦਵਾੜੇ ਦੇ ਜ਼ਖ਼ਮਾਂ ਨੂੰ ਭਰਨ ਲਈ ਤਿਆਰ ਕੀਤਾ ਗਿਆ ਹੈ। ਇੱਥੇ ਹੀ ਬੱਸ ਨਹੀਂ ਇਸ ਨੂੰ ਸਥਾਈ ਤੌਰ ਉੱਤੇ ਕੈਨੇਡਾ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤਾ ਗਿਆ ਹੈ।

ਆਪਣਾ ਪਹਿਲਾ ਬਜਟ ਪੇਸ਼ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਇਹ ਬਜਟ ਦਰਸਾਉਂਦਾ ਹੈ ਕਿ ਵਿਕਾਸ ਹੋਵੇਗਾ, ਰੋਜ਼ਗਾਰ ਦੇ ਨਵੇਂ ਮੌਕੇ ਮਿਲਣਗੇ, ਕੈਨੇਡੀਅਨਜ਼ ਰਿਕਵਰੀ ਲਈ ਤਿਆਰ ਹਨ। ਅਸੀਂ ਇੱਕ ਵਾਰੀ ਫਿਰ ਪੈਰਾਂ ਸਿਰ ਹੋਵਾਂਗੇ। ਇਸ ਦੌਰਾਨ ਸਰਕਾਰ ਨੇ ਆਖਿਆ ਕਿ ਸਾਡੀ ਮੁੱਖ ਤਰਜੀਹ ਕੈਨੇਡੀਅਨਾਂ ਨੂੰ ਸਿਹਤਯਾਬ ਤੇ ਸੁਰੱਖਿਅਤ ਰੱਖਣਾ ਹੈ। ਇਸ ਵਾਇਰਸ ਨੂੰ ਨਿਯੰਤਰਿਤ ਕਰਨ ਤੇ ਲੋਕਾਂ ਨੂੰ ਵੈਕਸੀਨੇਟ ਕਰਨ ਨਾਲ ਹੀ ਸਫਲਤਾ ਹਾਸਲ ਹੋਵੇਗੀ। 2021 ਦੇ ਫੈਡਰਲ ਬਜਟ ਵਿੱਚ ਕੋਵਿਡ-19 ਬਿਜ਼ਨਸ ਏਡ ਪ੍ਰੋਗਰਾਮਜ਼ ਲਈ 12 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਤੇ ਇਸ ਦੇ ਨਾਲ ਹੀ ਸਰਕਾਰ ਨੇ ਆਮਦਨ ਦੇ ਹੋਰਨਾਂ ਮਾਪਦੰਡਾਂ ਨੂੰ ਜਾਰੀ ਰੱਖਣ ਦਾ ਵਾਅਦਾ ਵੀ ਕੀਤਾ।

ਇਸ ਦੇ ਨਾਲ ਹੀ ਸਰਕਾਰ ਫੈਡਰਲ ਵੇਜ ਤੇ ਰੈਂਟ ਸਬਸਿਡੀਜ਼ ਦੇ ਨਾਲ ਨਾਲ ਲਾਕਡਾਊਨ ਦੌਰਾਨ ਕੀਤੀ ਜਾਣ ਵਾਲੀ ਮਦਦ ਨੂੰ ਵੀ ਜਾਰੀ ਰੱਖਣ ਦੀ ਯੋਜਨਾ ਬਣਾ ਰਹੀ ਹੈ। ਜੂਨ ਵਿੱਚ ਮੁੱਕਣ ਵਾਲੀ ਇਸ ਮਦਦ ਨੂੰ ਸਤੰਬਰ ਦੇ ਅੰਤ ਤੱਕ ਜਾਰੀ ਰੱਖਿਆ ਜਾਵੇਗਾ। ਜਿਹੜੇ ਕੈਨੇਡੀਅਨ ਇੰਪਲੌਇਮੈਂਟ ਇੰਸ਼ੋਰੈਂਸ ਹੇਠ ਕਵਰ ਨਹੀਂ ਹੁੰਦੇ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ 500 ਡਾਲਰ ਪ੍ਰਤੀ ਹਫਤਾ ਮਦਦ 17 ਜੁਲਾਈ ਤੋਂ ਬਾਅਦ 300 ਡਾਲਰ ਪ੍ਰਤੀ ਹਫਤਾ ਰਹਿ ਜਾਵੇਗੀ। ਇਸ ਦੇ ਨਾਲ ਹੀ ਇੰਪਲੌਇਮੈਂਟ ਇੰਸ਼ੋਰੈਂਸ ਵਿੱਚ ਸੁਧਾਰ ਲਈ ਵੀ ਸਰਕਾਰ ਨੇ 3.9 ਬਿਲੀਅਨ ਡਾਲਰ ਖਰਚਣ ਦਾ ਫੈਸਲਾ ਕੀਤਾ ਹੈ।



Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਕੁੱਝ ਟੈਕਸ ਵੀ ਲਾਏ ਗਏ

- ਗੈਰ ਕੈਨੇਡੀਅਨਜ਼, ਨੌਨ ਰੈਜ਼ੀਡੈਂਟਸ ਵੱਲੋਂ ਲਈ ਗਈ ਪ੍ਰਾਪਰਟੀ ਜਿਹੜੀ ਖਾਲੀ ਰਹਿੰਦੀ ਹੈ ਉੱਤੇ ਨੈਸ਼ਨਲ ਟੈਕਸ ਲਾਇਆ ਜਾ ਰਿਹਾ ਹੈ, ਜਿਸ ਨਾਲ ਚਾਰ ਸਾਲਾਂ ਵਿੱਚ 700 ਮਿਲੀਅਨ ਡਾਲਰ ਦੀ ਆਮਦਨ ਹੋਣ ਦੀ ਉਮੀਦ ਹੈ। ਇਹ ਟੈਕਸ 2022-23 ਵਿੱਚ ਸ਼ੁਰੂ ਹੋਵੇਗਾ।
- ਮਹਿੰਗੀਆਂ ਕਾਰਾਂ, ਪ੍ਰਾਈਵੇਟ ਏਅਰਕ੍ਰਾਫਟ, ਜਿਨ੍ਹਾਂ ਦੀ ਕੀਮਤ 100,000 ਡਾਲਰ ਤੋਂ ਵੱਧ ਹੈ, ਨਿਜੀ ਵਰਤੋਂ ਵਾਲੀਆਂ ਬੋਟਸ ਜਿਨ੍ਹਾਂ ਦੀ ਕੀਮਤ 250,000 ਡਾਲਰ ਹੈ ਉੱਤੇ ਟੈਕਸ ਲਾਇਆ ਜਾਵੇਗਾ। ਅਗਲੇ ਸਾਲ ਜਨਵਰੀ ਵਿੱਚ ਇਹ ਟੈਕਸ ਲਾਗੂ ਕੀਤਾ ਜਾਵੇਗਾ ਤੇ ਇਸ ਨਾਲ ਪੰਜ ਸਾਲਾਂ ਵਿੱਚ 604 ਮਿਲੀਅਨ ਡਾਲਰ ਇੱਕਠੇ ਹੋਣਗੇ।
- ਕੈਨੇਡੀਅਨ ਕੰਟੈਂਟ ਉੱਤੇ ਨਿਰਭਰ ਕਰਨ ਵਾਲੀਆਂ ਦਿੱਗਜ ਵੈੱਬ ਕੰਪਨੀਆਂ ਉੱਤੇ ਡਿਜੀਟਲ ਸਰਵਿਸਿਜ਼ ਟੈਕਸ ਲਾਇਆ ਜਾਵੇਗਾ। ਇਸ ਨਾਲ ਅਗਲੇ ਪੰਜ ਸਾਲਾਂ ਵਿੱਚ 3.4 ਬਿਲੀਅਨ ਡਾਲਰ ਦੀ ਆਮਦਨ ਹੋਣ ਦੀ ਉਮੀਦ ਹੈ।

## ਕੋਵਿਡ-19 ਦੇ ਖਾਤਮੇ ਲਈ ਖਰਚੇ ਦੀ ਯੋਜਨਾ

ਕੋਵਿਡ-19 ਦੇ ਖਾਤਮੇ ਲਈ ਲਿਬਰਲ ਹੇਠ ਲਿਖੇ ਖਰਚੇ ਕਰਨੇ ਚਾਹੁੰਦੇ ਹਨ :

- ਲਾਂਗ ਟਰਮ ਕੇਅਰ ਫੈਸਿਲਿਟੀਜ਼ ਵਿੱਚ ਕੇਅਰ ਦੇ ਮਿਆਰ ਨੂੰ ਉੱਪਰ ਉਠਾਉਣ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੀ ਮਦਦ ਵਾਸਤੇ 2022-23 ਵਿੱਚ ਸ਼ੁਰੂ ਕਰਕੇ ਪੰਜ ਸਾਲਾਂ ਦੇ ਅਰਸੇ ਵਿੱਚ 3 ਬਿਲੀਅਨ ਡਾਲਰ ਖਰਚਣ ਦੀ ਯੋਜਨਾ ਹੈ।
- ਵੈਕਸੀਨ ਤਿਆਰ ਕਰਨ ਲਈ ਕੈਨੇਡਾ ਦੇ ਬਾਇਓਮੈਡੀਕਲ ਤੇ ਲਾਈਫ ਸਾਇੰਸਿਜ਼ ਰਿਸਰਚ ਸੈਕਟਰ ਨੂੰ ਹੋਰ ਮਜ਼ਬੂਤ ਕਰਨ ਲਈ ਅਗਲੇ ਸੱਤ ਸਾਲਾਂ ਵਿੱਚ ਸਰਕਾਰ 2.2 ਬਿਲੀਅਨ ਡਾਲਰ ਖਰਚ ਕਰਨਾ ਚਾਹੁੰਦੀ ਹੈ।
- ਏਅਰ ਟਰੈਵਲ ਪ੍ਰੋਟੈਕਸ਼ਨ ਤੇ ਕੁਆਰਨਟੀਨ ਦੇ ਮਾਪਦੰਡ ਲਾਜ਼ਮੀ ਕਰਨ ਦੇ ਨਾਲ ਨਾਲ ਕੈਨੇਡਾ ਦੀਆਂ ਸਰਹੱਦਾਂ ਨੂੰ ਸੁਰੱਖਿਅਤ ਢੰਗ ਨਾਲ ਖੋਲ੍ਹਣ ਲਈ ਸਰਕਾਰ 2021-22 ਵਿੱਚ 424 ਮਿਲੀਅਨ ਡਾਲਰ ਖਰਚਣ ਦਾ ਇਰਾਦਾ ਰੱਖਦੀ ਹੈ।
- ਕੋਵਿਡ-19 ਤੋਂ ਪ੍ਰਭਾਵਿਤ ਆਬਾਦੀ ਜਿਵੇਂ ਕਿ ਹੈਲਥ ਕੇਅਰ ਤੇ ਫਰੰਟ ਲਾਈਨ ਵਰਕਰਜ਼ ਦੀ ਮਾਨਸਿਕ ਸਿਹਤ ਲਈ ਚਲਾਏ ਜਾਣ ਵਾਲੇ ਪ੍ਰੋਜੈਕਟਸ ਉੱਤੇ ਸਰਕਾਰ ਅਗਲੇ ਤਿੰਨ ਸਾਲਾਂ ਵਿੱਚ 100 ਮਿਲੀਅਨ ਡਾਲਰ ਖਰਚ ਕਰਨਾ ਚਾਹੁੰਦੀ ਹੈ।
- ਡਾਟਾ ਇਨਫਰਾਸਟ੍ਰਕਚਰ ਤੇ ਡਾਟਾ ਇੱਕਠਾ ਕਰਨ ਵਿੱਚ ਸੁਧਾਰ ਵਾਸਤੇ ਸਟੈਟੇਸਟਿਕਸ ਕੈਨੇਡਾ ਲਈ 2021-22 ਵਿੱਚ ਸ਼ੁਰੂ ਕਰਕੇ ਅਗਲੇ ਛੇ ਸਾਲਾਂ ਤੱਕ ਸਰਕਾਰ 41.3 ਮਿਲੀਅਨ ਡਾਲਰ ਖਰਚਣ ਦਾ ਟੀਚਾ ਰੱਖਦੀ ਹੈ।

ਇਸ ਸੱਭ ਕਾਸੇ ਦਰਮਿਆਨ ਫਰੀਲੈਂਡ ਵੱਲੋਂ ਯੂਨੀਵਰਸਲ ਫਾਰਮਾਕੇਅਰ ਦਾ ਜ਼ਿਕਰ ਮਾਮੂਲੀ ਢੰਗ ਨਾਲ ਹੀ ਕੀਤਾ ਗਿਆ। ਉਨ੍ਹਾਂ ਅਜਿਹਾ ਕੀਤੇ ਜਾਣ ਉੱਤੇ ਜ਼ੋਰ ਤਾਂ ਦਿੱਤਾ ਪਰ ਇਸ ਲਈ ਨਾ ਤਾਂ ਕਿਸੇ ਕਿਸਮ ਦੇ ਫੰਡ ਦਾ ਐਲਾਨ ਕੀਤਾ ਗਿਆ ਤੇ ਨਾ ਹੀ ਇਸ ਨੂੰ ਅਮਲੀ ਰੂਪ ਦੇਣ ਲਈ ਕੋਈ ਸਮਾਂ ਸੀਮਾਂ ਹੀ ਨਿਰਧਾਰਤ ਕੀਤੀ ਗਈ।

ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੇ ਸਹਿਯੋਗ ਨਾਲ ਨੈਸ਼ਨਲ ਚਾਈਲਡ ਕੇਅਰ ਪ੍ਰੋਗਰਾਮ ਤਿਆਰ ਕਰਨ ਦੇ ਰਾਹ ਉੱਤੇ ਸਰਕਾਰ ਅੱਗੇ ਵਧ ਰਹੀ ਹੈ। ਕਿਫਾਇਤੀ ਦਰਾਂ ਉੱਤੇ ਨਵੀਂ ਸਪੇਸ ਤਿਆਰ ਕਰਨ ਲਈ ਅਗਲੇ ਪੰਜ ਸਾਲਾਂ ਵਾਸਤੇ ਸਰਕਾਰ ਨੇ 30 ਬਿਲੀਅਨ ਡਾਲਰ ਰਾਖਵੇਂ ਰੱਖਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਮੂਲਵਾਸੀ ਪਰਿਵਾਰਾਂ ਤੇ ਅਪਾਹਜ ਬੱਚਿਆਂ ਦਾ ਵੀ ਖਾਸ ਖਿਆਲ ਰੱਖਿਆ ਜਾਵੇਗਾ। ਫਰੀਲੈਂਡ ਨੇ ਆਪਣੇ ਬਜਟ ਵਿੱਚ ਆਖਿਆ ਕਿ ਸਰਕਾਰ ਦਾ ਟੀਚਾ ਅਰਲੀ ਲਰਨਿੰਗ ਤੇ ਚਾਈਲਡ ਕੇਅਰ ਨੂੰ 2022 ਤੱਕ 50 ਫੀ ਸਦੀ ਘੱਟ ਕਰਨਾ ਹੈ ਤੇ 2026 ਤੱਕ ਸਰਕਾਰ ਇਸ ਖਰਚੇ ਨੂੰ 10 ਡਾਲਰ ਰੋਜ਼ਾਨਾ ਉੱਤੇ ਲਿਆਉਣਾ ਚਾਹੁੰਦੀ ਹੈ।

ਫਰੀਲੈਂਡ ਵੱਲੋਂ ਫੈਡਰਲ ਪੱਧਰ ਉੱਤੇ ਘੱਟ ਤੋਂ ਘੱਟ ਉਜਰਤਾਂ 15 ਡਾਲਰ ਪ੍ਰਤੀ ਘੰਟਾ ਕਰਨ ਲਈ ਬਿੱਲ ਲਿਆਉਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਜਿਨ੍ਹਾਂ ਪ੍ਰੋਵਿੰਸਾਂ ਵਿੱਚ ਪਹਿਲਾਂ ਹੀ 15 ਡਾਲਰ ਪ੍ਰਤੀ ਘੰਟਾਂ ਉਜਰਤਾਂ ਦਿੱਤੀਆਂ ਜਾ ਰਹੀਆਂ ਹਨ ਉਹ ਉਸੇ ਤਰ੍ਹਾਂ ਹੀ ਜਾਰੀ ਰਹਿਣਗੀਆਂ। ਸਰਕਾਰ ਦੇ ਅੰਦਾਜ਼ੇ ਮੁਤਾਬਕ ਇਸ ਨਾਲ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਪ੍ਰਾਈਵੇਟ ਸੈਕਟਰ ਵਿੱਚ 26000 ਤੋਂ ਵੱਧ ਵਰਕਰਜ਼ ਦੀ ਮਦਦ ਹੋਵੇਗੀ।

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

## ਬਜਟ ਵਿੱਚ ਸਾਰੇ ਪੱਖਾਂ ਦਾ ਰੱਖਿਆ ਗਿਆ ਹੈ ਧਿਆਨ : ਰੂਬੀ ਸਹੋਤਾ

ਬਰੈਂਪਟਨ, 19 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਬਜਟ ਦੀ ਸਿਫਤ ਕਰਦਿਆਂ ਆਖਿਆ ਕਿ ਇਹ ਬਜਟ ਆਪਣੇ ਆਪ ਵਿੱਚ ਮੁਕੰਮਲ ਹੈ ਤੇ ਇਸ ਵਿੱਚ ਸਾਰੇ ਪੱਖਾਂ ਦਾ ਬਾਖੂਬੀ ਧਿਆਨ ਰੱਖਿਆ ਗਿਆ ਹੈ। ਉਨਾਂ ਆਖਿਆ ਕਿ ਖੁਸ਼ੀ ਇਸ ਗੱਲ ਦੀ ਹੈ ਕਿ ਫਰੀਲੈਂਡ ਪਹਿਲੀ ਮਹਿਲਾ ਵਿੱਤ ਮੰਤਰੀ ਹਨ ਜਿਨ੍ਹਾਂ ਵੱਲੋਂ ਇਹ ਬਜਟ ਪੇਸ਼ ਕੀਤਾ ਗਿਆ ਹੈ ਤੇ ਇਹ ਕਾਫੀ ਸਕਾਰਾਤਮਕ ਬਜਟ ਹੈ। ਇਸ ਵਿੱਚ ਕੋਵਿਡ-19 ਖਿਲਾਫ ਸੰਘਰਸ਼ ਨੂੰ ਨਾ ਸਿਰਫ ਠੱਲ੍ਹ ਪਾਉਣ ਦੀ ਗੱਲ ਆਖੀ ਗਈ ਹੈ

...ਬਾਕੀ ਪੰਨਾ 3 'ਤੇ



## ਇਸ ਤੋਂ ਇਲਾਵਾ ਸਰਕਾਰ ਕੁੱਝ ਹੋਰ ਵਾਅਦੇ ਕਰਨਾ ਚਾਹੁੰਦੀ ਹੈ :

- ਸਰਕਾਰ ਮਾਰਚ 2023 ਤੱਕ ਫੈਡਰਲ ਸਟੂਡੈਂਟ ਲੋਨਜ਼ ਉੱਤੇ ਵਿਆਜ ਵਿੱਚ ਛੂਟ ਵਿੱਚ ਵਾਧਾ ਕਰਨਾ ਚਾਹੁੰਦੀ ਹੈ।
- 75 ਸਾਲ ਤੇ ਇਸ ਤੋਂ ਵੱਧ ਉਮਰ ਦੇ ਸੀਨੀਅਰਜ਼ ਲਈ ਓਲਡ ਏਜ ਸਕਿਊਰਿਟੀ ਵਿੱਚ ਵਾਧਾ ਕਰਨਾ ਚਾਹੁੰਦੀ ਹੈ, ਇਸ ਲਈ ਪਹਿਲੇ ਸਾਲ ਹੀ ਯੋਗ ਸੀਨੀਅਰਜ਼ ਨੂੰ 766 ਡਾਲਰ ਹੋਰ ਮੁਹੱਈਆ ਕਰਵਾਉਣਾ ਚਾਹੁੰਦੀ ਹੈ।
- ਮੂਲਵਾਸੀ ਤੇ ਗੈਰ-ਮੂਲਵਾਸੀ ਲੋਕਾਂ ਵਿਚਲਾ ਫਰਕ ਖਤਮ ਕਰਨ ਲਈ ਅਗਲੇ ਪੰਜ ਸਾਲਾਂ ਵਿੱਚ 18 ਬਿਲੀਅਨ ਡਾਲਰ ਖਰਚ ਕਰਨਾ ਚਾਹੁੰਦੀ ਹੈ।

ਫੈਡਰਲ ਬਜਟ ਵਿੱਚ ਅਗਲੇ ਪੰਜ ਸਾਲਾਂ ਦਰਮਿਆਨ 500,000 ਨਵੇਂ ਟਰੇਨਿੰਗ ਤੇ ਕੰਮ ਸਬੰਧੀ ਮੌਕੇ ਤਿਆਰ ਕਰਨ ਦਾ ਵਾਅਦਾ ਵੀ ਕੀਤਾ ਗਿਆ। ਇਸ ਦੇ ਨਾਲ ਹੀ ਨਿਵੇਕਲੀਆਂ ਕਾਢਾਂ ਉੱਤੇ ਨਵੇਂ ਖਰਚਿਆਂ ਲਈ ਵੀ ਕਈ ਬਿਲੀਅਨ ਰਾਖਵੇਂ ਰੱਖੇ ਗਏ। ਇਸ ਟੀਚੇ ਨੂੰ ਪੂਰਾ ਕਰਨ ਲਈ ਸਰਕਾਰ ਸਟੂਡੈਂਟ ਪਲੇਸਮੈਂਟ, ਅਪਰੈਂਟਿਸਸ਼ਿਪਸ, ਸਕਿੱਲ ਟਰੇਨਿੰਗ ਜਾਂ ਰੀ ਟੂਲਿੰਗ ਤੇ ਹੋਰ ਵਰਕਫੋਰਸ ਪ੍ਰੋਗਰਾਮ ਵੀ ਚਲਾਵੇਗੀ।

...ਬਾਕੀ ਪੰਨਾ 3 'ਤੇ

## ਚੋਣਾਂ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ ਬਜਟ : ਓਟੂਲ

**ਵਿਰੋਧੀ ਧਿਰਾਂ ਨੇ ਬਜਟ ਵਿੱਚ ਵੈਲਥ ਟੈਕਸ, ਹੈਲਥ ਕੇਅਰ ਫੰਡਿੰਗ ਦੀ ਗੱਲ ਨਾ ਕਰਨ ਉੱਤੇ ਪ੍ਰਗਟਾਈ ਚਿੰਤਾ**

ਓਟਵਾ, 19 ਅਪਰੈਲ (ਪੋਸਟ ਬਿਊਰੋ) : ਫਰੀਲੈਂਡ ਵੱਲੋਂ ਪੇਸ਼ ਕੀਤੇ ਗਏ ਬਜਟ ਉੱਤੇ ਹੁਣ ਆਉਣ ਵਾਲੇ ਦਿਨਾਂ ਵਿੱਚ ਹਾਊਸ ਆਫ ਕਾਮਨਜ਼ ਵਿੱਚ ਬਹਿਸ ਕੀਤੀ ਜਾਵੇਗੀ। ਜੇ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਕਿਸੇ ਹੋਰ ਵੱਡੀ ਪਾਰਟੀ ਦਾ ਸਮਰਥਨ ਹਾਸਲ ਨਹੀਂ ਹੁੰਦਾ ਤਾਂ ਸਰਕਾਰ ਹਫਤਿਆਂ ਵਿੱਚ ਹੀ ਡਿੱਗ ਜਾਵੇਗੀ ਤੇ ਚੋਣਾਂ ਕਰਵਾਉਣੀਆਂ ਪੈਣਗੀਆਂ।

...ਬਾਕੀ ਪੰਨਾ 3 'ਤੇ



AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycreest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial
Harpreet Singh Goraya Principal Broker
Brokerage Lic. 12538
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਓਨਟਾਰੀਓ ਵਿੱਚ ਦਰਜ ਕੀਤੇ ਗਏ ਕੋਵਿਡ-19 ਦੇ 4400 ਮਾਮਲੇ

ਟੋਰਾਂਟੋ, 19 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਦੇ 4,400 ਨਵੇਂ ਕੇਸ ਰਿਪੋਰਟ ਕੀਤੇ ਗਏ ਹਨ। ਕੋਵਿਡ-19 ਦੀ ਪਾਜ਼ੀਟਿਵਿਟੀ ਦਰ ਵਿੱਚ 10 ਫੀ ਸਦੀ ਵਾਧਾ ਦਰਜ ਕੀਤਾ ਗਿਆ ਹੈ।

ਸੋਮਵਾਰ ਨੂੰ 4447 ਮਾਮਲੇ ਦਰਜ ਕੀਤੇ ਗਏ ਜੋ ਕਿ ਐਤਵਾਰ ਨੂੰ ਸਾਹਮਣੇ ਆਏ 4250 ਮਾਮਲਿਆਂ ਨਾਲੋਂ ਕਿਤੇ ਜ਼ਿਆਦਾ ਹਨ। ਸ਼ਨਿੱਚਰਵਾਰ ਨੂੰ 4362 ਮਾਮਲੇ ਰਿਕਾਰਡ ਕੀਤੇ ਗਏ ਸਨ ਜਦਕਿ ਸ਼ੁੱਕਰਵਾਰ ਨੂੰ ਰਿਕਾਰਡ 4812 ਮਾਮਲੇ ਸਾਹਮਣੇ ਆਏ ਸਨ। ਪਿਛਲੇ 24 ਘੰਟਿਆਂ ਵਿੱਚ 42873 ਟੈਸਟ ਕੀਤੇ ਗਏ ਤੇ ਓਨਟਾਰੀਓ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰੋਵਿੰਸ ਵਿੱਚ ਕੋਵਿਡ-19 ਪਾਜ਼ੀਟਿਵਿਟੀ ਦਰ 10•5 ਫੀ ਸਦੀ ਤੱਕ ਪਹੁੰਚ ਚੁੱਕੀ ਹੈ। ਅਪਰੈਲ 2020 ਵਿੱਚ ਇਹ ਪਾਜ਼ੀਟਿਵਿਟੀ ਦਰ 17 ਫੀ ਸਦੀ ਸੀ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਸ ਨੂੰ ਸੱਭ ਤੋਂ ਵੱਧ ਦੱਸਿਆ ਜਾ ਰਿਹਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਕੋਈ ਵੀ ਪਾਜ਼ੀਟਿਵਿਟੀ ਦਰ ਜਿਹੜੀ ਪੰਜ ਫੀ ਸਦੀ ਤੋਂ ਜ਼ਿਆਦਾ ਹੈ ਉਸ ਨੂੰ ਬਹੁਤ ਜ਼ਿਆਦਾ ਮੰਨਿਆਂ ਜਾਂਦਾ ਹੈ।

### ਪਾਜ਼ੀਟਿਵਿਟੀ ਦਰ 10 ਫੀ ਸਦੀ ਤੱਕ ਪਹੁੰਚੀ

ਇਸ ਦੌਰਾਨ ਪ੍ਰੋਵਿੰਸ ਦੇ ਹੈਲਥ ਕੇਅਰ ਸਿਸਟਮ ਉੱਤੇ ਵੀ ਬੋਝ ਕਾਫੀ ਵੱਧ ਚੁੱਕਿਆ ਹੈ ਕਿਉਂਕਿ ਇਸ ਸਮੇਂ ਇੱਥੋਂ ਦੇ ਹਸਪਤਾਲਾਂ ਵਿੱਚ ਕੋਵਿਡ-19 ਦੇ 2,202 ਮਰੀਜ਼ ਭਰਤੀ ਹਨ। ਇਨ੍ਹਾਂ ਵਿੱਚੋਂ 755 ਦਾ ਇਲਾਜ ਇੰਟੈਂਸਿਵ ਕੇਅਰ ਵਿੱਚ ਚੱਲ ਰਿਹਾ ਹੈ ਜਦਕਿ 516 ਵੈਂਟੀਲੇਟਰ ਉੱਤੇ ਹਨ। ਇਸ ਦੇ ਨਾਲ ਹੀ ਪਿਛਲੇ 24 ਘੰਟਿਆਂ ਵਿੱਚ ਕੋਵਿਡ-19 ਨਾਲ ਸਬੰਧਤ 19 ਮੌਤਾਂ ਹੋ ਚੁੱਕੀਆਂ ਹਨ। ਜਿਸ ਕਾਰਨ ਪ੍ਰੋਵਿੰਸ ਵਿੱਚ ਕੋਵਿਡ-19 ਨਾਲ ਮਰਨ ਵਾਲਿਆਂ ਦੀ ਗਿਣਤੀ 7735 ਤੱਕ ਅੱਪੜ ਚੁੱਕੀ ਹੈ।



ਓਨਟਾਰੀਓ ਦੀ ਲੈਬ ਵੱਲੋਂ ਕੀਤੀ ਗਈ ਪੁਸ਼ਟੀ ਅਨੁਸਾਰ ਇੱਥੇ ਹੁਣ ਤੱਕ ਕੋਵਿਡ-19 ਦੇ 421,442 ਦਰਜ ਕੀਤੇ ਜਾ ਚੁੱਕੇ ਹਨ, ਇਨ੍ਹਾਂ ਵਿੱਚ ਹੀ ਮਰਨ ਵਾਲੇ ਵੀ ਸ਼ਾਮਲ ਹਨ। ਹੁਣ ਤੱਕ 370,844 ਲੋਕ ਸਿਹਤਯਾਬ ਵੀ ਹੋਏ ਹਨ। ਇਸ ਸਮੇਂ ਓਨਟਾਰੀਓ ਭਰ ਵਿੱਚ ਕੋਵਿਡ-19 ਦੇ 42,863 ਐਕਟਿਵ ਮਾਮਲੇ ਹਨ। ਸ਼ੁੱਕਰਵਾਰ ਨੂੰ ਸਰਕਾਰ ਨੇ ਕੋਵਿਡ-19 ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਕਈ ਪਾਬੰਦੀਆਂ ਲਾ ਦਿੱਤੀਆਂ ਜਿਨ੍ਹਾਂ ਵਿੱਚ ਇੰਟਰਪ੍ਰੋਵਿੰਸ਼ੀਅਲ ਟਰੈਵਲ, ਜਨਤਕ ਤੌਰ ਉੱਤੇ ਆਊਟਡੋਰ ਇੱਕਠ, ਮਨੋਰੰਜਨ ਵਾਲੀਆਂ ਥਾਂਵਾਂ ਬੰਦ ਕਰਨਾ ਜਿਵੇਂ ਕਿ ਗੌਲਫ ਕੋਰਸ ਤੇ ਬਾਸਕਿ-ਟਬਾਲ ਕੋਰਟਸ ਆਦਿ, ਸ਼ਾਮਲ ਹਨ।

## ਇਸ ਤੋਂ ਇਲਾਵਾ ਸਰਕਾਰ ਕੁੱਝ ਹੋਰ ਵਾਅਦੇ ਕਰਨਾ ਚਾਹੁੰਦੀ ਹੈ :

...ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਸੈਕਟੋਰਲ ਵਰਕਫੋਰਸ ਸੌਲਿਊਸ਼ਨਜ਼ ਪ੍ਰੋਗਰਾਮ ਵੀ ਜਾਰੀ ਰੱਖਿਆ ਜਾਵੇਗਾ। ਜਿਸ ਨਾਲ ਪਰਸਨਲ ਸਪੋਰਟ ਵਰਕਰਜ਼ ਤੇ ਕੰਸਟ੍ਰਕਸ਼ਨ ਸੈਕਟਰਜ਼ ਦੀਆਂ ਉੱਚੀ ਮੰਗ ਵਾਲੀਆਂ ਅਸਾਮੀਆਂ ਪੁਰ ਕਰਨ ਵਿੱਚ ਮਦਦ ਮਿਲੇਗੀ। ਸਰਕਾਰ ਨਵਾਂ ਕੈਨੇਡਾ ਰਿਕਵਰੀ ਹਾਇਰਿੰਗ ਪ੍ਰੋਗਰਾਮ ਵੀ ਲਾਂਚ ਕਰਨ ਜਾ ਰਹੀ ਹੈ। ਇਹ ਜੂਨ ਤੋਂ ਨਵੰਬਰ ਤੱਕ ਚਲਾਇਆ ਜਾਵੇਗਾ। ਇਸ ਕੰਮ ਲਈ ਸਰਕਾਰ ਨੇ 595 ਮਿਲੀਅਨ ਡਾਲਰ ਰਾਖਵੇਂ ਰੱਖੇ ਹਨ।

ਸਰਕਾਰ ਵੱਲੋਂ ਘੱਟ ਆਮਦਨ ਵਾਲੇ ਲੋਕਾਂ ਲਈ ਰੀਫੰਡੇਬਲ ਟੈਕਸ ਕ੍ਰੈਡਿਟ- ਕੈਨੇਡਾ ਵਰਕਰਜ਼ ਬੈਨੇਫਿਟ ਵਿੱਚ ਵਾਧਾ ਕਰਨ ਦਾ ਵੀ ਇਰਾਦਾ ਹੈ। ਇਸ ਮਕਸਦ ਲਈ ਅਗਲੇ ਛੇ ਸਾਲਾਂ ਵਿੱਚ ਸਰਕਾਰ 8.9 ਬਿਲੀਅਨ ਡਾਲਰ ਖਰਚ ਕਰੇਗੀ। ਸਰਕਾਰ ਨੂੰ ਆਸ ਹੈ ਕਿ 2020 ਵਿੱਚ ਜਿਹੜੀ ਬੇਰੋਜ਼ਗਾਰੀ ਦਰ 9.6 ਫੀ ਸਦੀ ਤੱਕ ਅੱਪੜ ਗਈ ਸੀ ਹੁਣ ਉਹ 2021 ਵਿੱਚ ਘੱਟ ਕੇ 8 ਫੀ ਸਦੀ ਰਹਿ ਜਾਵੇਗੀ।

ਇਸ ਦੇ ਨਾਲ ਹੀ ਸਰਕਾਰ ਨੇ ਆਖਿਆ ਕਿ ਕਲਾਈਮੇਟ ਚੇਂਜ ਅਸਲ ਵਿੱਚ ਹੋ ਰਿਹਾ ਹੈ। ਫੈਡਰਲ ਸਰਕਾਰ ਕੈਨੇਡਾ ਦੇ ਕਾਰਬਨ ਐਮਿਸ਼ਨ ਨੂੰ ਘਟਾਉਣ ਲਈ ਲਿਆਂਦੇ ਜਾਣ ਵਾਲੇ ਪ੍ਰੋਜੈਕਟਾਂ ਉੱਤੇ ਧਿਆਨ ਕੇਂਦਰਿਤ ਕਰਨਾ ਚਾਹੁੰਦੀ ਹੈ। 2050 ਤੱਕ ਜ਼ੀਰੋ ਰਿਸਾਅ ਦਾ ਸਰਕਾਰ ਦਾ ਟੀਚਾ ਹੈ। ਸਰਕਾਰ ਨੇ ਆਖਿਆ ਕਿ ਉਹ ਗ੍ਰੀਨ ਰਿਕਵਰੀ ਤੇ ਕਲੀਨ ਰਿਕਵਰੀ ਵਿੱਚ 17.6 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਇਰਾਦਾ ਰੱਖਦੀ ਹੈ। ਇਸ ਦੇ ਨਾਲ ਹੀ ਫਰੀਲੈਂਡ ਨੇ ਸਟਰੈਟੇਜਿਕ ਇਨੋਵੇਸ਼ਨ ਫੰਡ ਵਿੱਚ 7.2 ਬਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ ਵੀ ਕੀਤਾ ਤੇ ਇਸ ਨੂੰ ਸੱਤ ਸਾਲ ਤੱਕ ਜਾਰੀ ਰੱਖਣ ਦੀ ਗੱਲ ਆਖੀ। ਉਨ੍ਹਾਂ ਆਖਿਆ ਕਿ ਇਹ ਪੈਸਾ ਲਾਈਫ ਸਾਇੰਸਿਜ਼, ਆਟੋਮੋਟਿਵ, ਐਰੋਸਪੇਸ ਤੇ ਐਗਰੀਕਲਚਰ ਸੈਕਟਰਜ਼ ਨਾਲ ਜੁੜੇ ਪ੍ਰੋਜੈਕਟਾਂ ਉੱਤੇ ਖਰਚਿਆ ਜਾਵੇਗਾ।

## ਬਜਟ ਵਿੱਚ ਸਾਰੇ ਪੱਖਾਂ ਦਾ ਰੱਖਿਆ ਗਿਆ ਹੈ ਧਿਆਨ : ਰੂਬੀ ਸਹੋਤਾ

...ਪੰਨਾ 1 ਦਾ ਬਾਕੀ

ਸਗੋਂ ਇਸ ਵਿੱਚ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਦੇ ਕਾਰਗਰ ਉਪਾਅ ਵੀ ਦੱਸੇ ਗਏ ਹਨ। ਸਹੋਤਾ ਨੇ ਆਖਿਆ ਕਿ ਕੋਵਿਡ-19 ਨੇ ਹਰ ਕਿਸੇ ਦੀ ਜ਼ਿੰਦਗੀ ਉੱਤੇ ਅਸਰ ਪਾਇਆ ਪਰ ਖਾਸ ਤੌਰ ਉੱਤੇ ਲੋਅ ਵੇਜ ਵਰਕਰਜ਼, ਨੌਜਵਾਨਾਂ, ਔਰਤਾਂ ਤੇ ਵੱਖ ਵੱਖ ਨਸਲਾਂ ਦੇ ਕੈਨੇਡਾ ਵਿੱਚ ਰਹਿ ਰਹੇ ਲੋਕ ਇਸ ਕਾਰਨ ਕਾਫੀ ਪ੍ਰਭਾਵਿਤ ਹੋਏ। ਕਾਰੋਬਾਰਾਂ ਲਈ ਤਾਂ ਇਹ ਕੋਵਿਡ-19 ਦੋ ਧਾਰੀ ਤਲਵਾਰ ਬਣ ਕੇ ਆਇਆ। ਬਹੁਤ ਸਾਰੇ ਵੱਡੇ ਕਾਰੋਬਾਰਾਂ ਦੀਆਂ ਨੀਂਹਾਂ ਤੱਕ ਹਿੱਲ ਗਈਆਂ ਤੇ ਨਿੱਕੇ ਕਾਰੋਬਾਰ ਖੁਦ ਨੂੰ ਚੱਲਦਾ ਰੱਖਣ ਲਈ ਲੜਾਈ ਲੜ ਰਹੇ ਹਨ। ਪਰ ਬਜਟ ਵਿੱਚ ਲੋਕਾਂ ਨੂੰ, ਮੱਧ ਵਰਗ ਨੂੰ ਪਹਿਲ ਦਿੱਤੀ ਗਈ ਹੈ। ਇਹ ਵੀ ਧਿਆਨ ਰੱਖਿਆ ਗਿਆ ਹੈ ਕਿ ਕੈਨੇਡਾ ਦਾ ਭਵਿੱਖ ਸਿਹਤਮੰਦ, ਗ੍ਰੀਨਰ ਤੇ ਖੁਸ਼ਹਾਲ ਹੋਵੇ।

ਸਰਕਾਰ ਵੱਲੋਂ ਇਸ ਸਾਲ ਦੇ ਅੰਤ ਤੱਕ ਇੱਕ ਮਿਲੀਅਨ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਹੈ। ਚਾਈਲਡ ਕੇਅਰ ਸਿਸਟਮ ਨੂੰ ਹੋਰ ਵਧੀਆਂ ਕਰਨ ਦੇ ਨਾਲ ਨਾਲ ਵਰਕਫੋਰਸ ਵਿੱਚ ਔਰਤਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਦੀ ਗੱਲ ਵੀ ਕੀਤੀ ਗਈ ਹੈ। ਚਾਈਲਡ ਕੇਅਰ ਲਈ ਆਰਥਿਕ ਪੱਖੋਂ ਮਾਰ ਸਹਿ ਰਹੇ ਮਾਪਿਆਂ ਨੂੰ ਵੀ ਰਾਹਤ ਦੇਣ ਦੀ ਗੱਲ ਆਖੀ ਗਈ ਹੈ। 2022 ਤੱਕ ਚਾਈਲਡ ਕੇਅਰ ਉੱਤੇ ਹੋਣ ਵਾਲਾ ਖਰਚਾ 50 ਫੀ ਸਦੀ ਘਟਾਉਣ ਤੇ 2026 ਤੱਕ 10 ਡਾਲਰ ਪ੍ਰਤੀ ਦਿਨ ਤੱਕ ਲਿਆਂਉਣ ਦੀ ਵੀ ਗੱਲ ਕੀਤੀ ਗਈ ਹੈ। ਗੱਲ ਕੀ ਇਹ ਬਜਟ ਹਰ ਪੱਖੋਂ ਮੁਕੰਮਲ ਜਾਪਦਾ ਹੈ ਤੇ ਇਸ ਵਿੱਚ ਕੋਵਿਡ-19 ਖਿਲਾਫ ਜਾਰੀ ਜੰਗ ਨੂੰ ਵੀ ਸਿਰੇ ਲਾਉਣ ਦੀ ਗੱਲ ਆਖੀ ਗਈ ਹੈ।

## ਚੋਣਾਂ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ ਬਜਟ : ਓਟੂਲ

...ਪੰਨਾ 1 ਦਾ ਬਾਕੀ

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਆਪਣੇ ਕਾਕਸ ਨਾਲ ਬਜਟ ਬਾਰੇ ਗੱਲ ਕਰਨਗੇ ਤੇ ਫਿਰ ਹੀ ਇਹ ਫੈਸਲਾ ਕੀਤਾ ਜਾਵੇਗਾ ਕਿ ਬਜਟ ਦੇ ਪੱਖ ਵਿੱਚ ਵੋਟ ਪਾਉਣੀ ਹੈ ਜਾਂ ਵਿਰੋਧ ਵਿੱਚ ਵੋਟ ਪਾਉਣੀ ਹੈ। ਓਟੂਲ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਐਨਡੀਪੀ ਵੱਲੋਂ ਸਰਕਾਰ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨ ਦੇ ਕੀਤੇ ਗਏ ਕਰਾਰ ਕਾਰਨ ਬਜਟ ਸਬੰਧੀ ਫੈਸਲਾ ਉਨ੍ਹਾਂ ਵੱਲੋਂ ਹੀ ਕੀਤਾ ਜਾਵੇਗਾ।

ਓਟੂਲ ਨੇ ਇਹ ਵੀ ਆਖਿਆ ਕਿ ਲਿਬਰਲਾਂ ਵੱਲੋਂ ਇਹ ਬਜਟ ਚੋਣਾਂ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਇਸ ਦੌਰਾਨ ਬਜਟ ਉੱਤੇ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਐਨਡੀਪੀ ਆਗੂ ਜਗਮੀਤ ਸਿੰਘ, ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੌਇਸ ਬਲਾਂਸ਼ੇ ਤੇ ਗ੍ਰੀਨ ਪਾਰਟੀ ਆਗੂ ਨੇ ਬਜਟ ਵਿੱਚੋਂ ਵੈਲਥ ਟੈਕਸ, ਹੈਲਥ ਕੇਅਰ ਫੰਡਿੰਗ-ਜਿਸ ਦੀ ਸੱਭ ਤੋਂ ਵੱਧ ਲੋੜ ਸੀ, ਪੋਸਟ ਸੈਕੰਡਰੀ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਮਦਦ ਦਾ ਜ਼ਿਕਰ ਤੱਕ ਨਾ ਹੋਣ ਉੱਤੇ ਚਿੰਤਾ ਪ੍ਰਗਟਾਈ।

ਜਗਮੀਤ ਸਿੰਘ ਨੇ ਆਖਿਆ ਕਿ ਅਜਿਹੇ ਹਾਲਾਤ ਵਿੱਚ ਜਦੋਂ ਕੋਵਿਡ-19 ਮਾਮਲਿਆਂ ਵਿੱਚ ਰਿਕਾਰਡ ਵਾਧਾ ਹੋ ਰਿਹਾ ਹੈ, ਫੀਲਡ ਹੌਸਪਿਟਲ ਕਾਇਮ ਕੀਤੇ ਜਾ ਰਹੇ ਹਨ, ਲੋਕ ਬਿਮਾਰ ਪੈ ਰਹੇ ਹਨ ਤਾਂ ਮਹਾਂਮਾਰੀ ਦੇ ਇਸ ਦੌਰ ਵਿੱਚ ਚੋਣਾਂ ਕਰਵਾਉਣ ਲਈ ਮੁੱਢ ਬੰਨ੍ਹਣਾ ਕਿਸੇ ਵੀ ਆਗੂ ਲਈ ਬੜਾ ਹੀ ਗੈਰਜ਼ਿੰਮੇਵਰਾਨਾ ਫੈਸਲਾ ਹੋਵੇਗਾ।

## ਰੌਜਰਜ਼ ਦੇ ਕਈ ਗਾਹਕਾਂ ਵੱਲੋਂ ਸੇਵਾਵਾਂ ਵਿੱਚ ਵਿਘਨ ਪੈਣ ਦੀ ਕੀਤੀ ਗਈ ਸ਼ਿਕਾਇਤ

ਓਟਵਾ, 19 ਅਪਰੈਲ (ਪੋਸਟ ਬਿਊਰੋ) : ਸੋਮਵਾਰ ਸਵੇਰੇ ਰੌਜਰਜ਼ ਦੇ ਕਈ ਵਾਇਰਲੈੱਸ ਗਾਹਕਾਂ ਨੇ ਦੇਸ਼ ਭਰ ਵਿੱਚ ਸੇਵਾਵਾਂ ਵਿੱਚ ਵਿਘਨ ਪੈਣ ਦੀ ਸ਼ਿਕਾਇਤ ਕੀਤੀ।

ਹੁਣ ਤੱਕ ਆਨਲਾਈਨ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਿਕਾਇਤਾਂ ਦਰਜ ਕੀਤੀਆਂ ਜਾ ਚੁੱਕੀਆਂ ਹਨ। ਰੌਜਰਜ਼ ਦੇ ਗਾਹਕ ਆਖ ਰਹੇ ਹਨ ਉਨ੍ਹਾਂ ਨੂੰ ਡਾਟਾ ਨਾਲ ਸਬੰਧਤ ਦਿੱਕਤਾਂ ਹੋ ਰਹੀਆਂ ਹਨ ਤੇ ਕੁੱਝ ਦਾ ਕਹਿਣਾ ਹੈ ਕਿ ਉਹ ਨਾ ਹੀ ਫੋਨ ਕਾਲਜ਼ ਕਰ ਪਾ ਰਹੇ ਹਨ ਤੇ ਨਾ ਹੀ ਟੈਕਸਟ ਮੈਸੇਜ ਭੇਜ ਪਾ ਰਹੇ ਹਨ। ਕੁੱਝ ਲੋਕ ਇੰਟਰਨੈੱਟ ਸਰਵਿਸ ਬੰਦ ਹੋਣ ਦੀ ਵੀ ਸ਼ਿਕਾਇਤ ਕਰ ਰਹੇ ਸਨ।




ਰੌਜਰਜ਼ ਦਾ ਕਹਿਣਾ ਹੈ ਕਿ ਉਹ ਇਸ ਦਿੱਕਤ ਤੋਂ ਜਾਣੂ ਹੈ ਤੇ ਸਰਵਿਸ ਨੂੰ ਬਹਾਲ ਕਰਨ ਲਈ ਕੰਮ ਕਰ ਰਿਹਾ ਹੈ। ਰਿਪੋਰਟਾਂ ਤੋਂ ਸਾਹ-ਮਣੇ ਆਇਆ ਹੈ ਇਹ ਸਮੱਸਿਆ ਕਈ ਘੰਟਿਆਂ ਤੱਕ ਰਹੀ। ਸੇਵਾਵਾਂ ਬਹਾਲ ਹੋਣ ਵਿੱਚ ਹੋਰ ਕਿੰਨਾਂ ਸਮਾਂ ਲੱਗੇਗਾ ਇਸ ਬਾਰੇ ਅਜੇ ਤੱਕ ਰੌਜਰਜ਼ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਤੇ ਨਾ ਹੀ ਇਹ ਦੱਸਿਆ ਗਿਆ ਹੈ ਕਿ ਇਸ ਸਮੱਸਿਆ ਦਾ ਕਾਰਨ ਕੀ ਸੀ।

## ਓਨਟਾਰੀਓ ਭਰ ਵਿੱਚ ਵਿਦਿਆਰਥੀ ਵਰਚੂਅਲ ਤੌਰ ਉੱਤੇ ਲਾਉਣਗੇ ਕਲਾਸਾਂ

ਓਨਟਾਰੀਓ, 19 ਅਪਰੈਲ (ਪੋਸਟ ਬਿਊਰੋ) : ਸਪਰਿੰਗ ਬ੍ਰੇਕ ਤੋਂ ਬਾਅਦ ਭਾਵੇਂ ਸਕੂਲਾਂ ਦੀਆਂ ਬਿਲਡਿੰਗਜ਼ ਬੰਦ ਰਹਿਣਗੀਆਂ ਪਰ ਸੋਮਵਾਰ ਤੋਂ ਓਨਟਾਰੀਓ ਭਰ ਵਿੱਚ ਵਿਦਿਆਰਥੀ ਵਰਚੂਅਲ ਤੌਰ ਉੱਤੇ ਕਲਾਸਾਂ ਲਾਉਣਗੇ।

ਸਰਕਾਰ ਵੱਲੋਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕੁੱਝ ਨਵੀਆਂ ਪਾਬੰਦੀਆਂ ਵੀ ਐਲਾਨੀਆਂ ਗਈਆਂ ਹਨ, ਜਿਨ੍ਹਾਂ ਵਿੱਚ ਇੰਟਰਪ੍ਰੋਵਿੰਸ਼ੀਅਲ ਟਰੈਵਲ ਨੂੰ ਸੀਮਤ ਕਰਨਾ ਵੀ ਸ਼ਾਮਲ ਹੈ। ਇੰਟਰਪ੍ਰੋਵਿੰਸ਼ੀਅਲ ਬਾਰਡਰ ਕਰੌਸਿੰਗ ਨੂੰ ਸੀਮਤ ਕਰਨ ਲਈ ਚੈੱਕ ਪੁਆਇੰਟਸ ਵੀ ਕਾਇਮ ਕਰ ਦਿੱਤੇ ਗਏ ਹਨ। ਓਨਟਾਰੀਓ ਵਿੱਚ ਕੰਮ, ਮੈਡੀਕਲ ਕੇਅਰ, ਵਸਤਾਂ ਦੀ ਟਰਾਂਸਪੋਰਟੇਸ਼ਨ ਤੇ ਇੰਡੀਜੀਨਸ ਸੰਧੀ ਦੇ ਅਧਿਕਾਰਾਂ ਨੂੰ ਪੂਰਾ ਕਰਨ ਲਈ ਆਉਣ ਵਾਲਿਆਂ ਨੂੰ ਹੀ ਖੁੱਲ੍ਹ ਦਿੱਤੀ ਜਾਵੇਗੀ।

ਸ਼ੁੱਕਰਵਾਰ ਨੂੰ ਐਲਾਨੇ ਕੁੱਝ ਪਬਲਿਕ ਹੈਲਥ ਨਿਯਮਾਂ ਨੂੰ ਵਾਪਿਸ ਲੈਣ ਦੇ ਬਾਵਜੂਦ ਪ੍ਰੋਵਿੰਸ ਆਪਣੇ ਇਸ ਫੈਸਲੇ ਉੱਤੇ ਕਾਇਮ ਰਹੀ। ਸ਼ਨਿੱਚਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਮਾਪਿਆਂ ਤੇ ਪਬਲਿਕ ਹੈਲਥ ਮਾਹਿਰਾਂ ਵੱਲੋਂ ਕੀਤੀ ਨੁਕਤਾਚੀਨੀ ਤੋਂ ਬਾਅਦ ਪਲੇਅਗ੍ਰਾਊਂਡ ਨੂੰ ਬੰਦ ਕਰਨ ਦੇ ਆਪਣੇ ਫੈਸਲੇ ਨੂੰ ਵਾਪਿਸ ਲੈ ਲਿਆ। ਸ਼ਨਿੱਚਰਵਾਰ ਨੂੰ ਪ੍ਰੋਵਿੰਸ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਵੀ ਵਿਸ਼ੇਸ਼ ਸ਼ਕਤੀਆਂ ਦੇ ਦਿੱਤੀਆਂ ਗਈਆਂ।



ਇਸ ਦੌਰਾਨ ਆਖਿਆ ਗਿਆ ਕਿ ਹੁਣ ਪੁਲਿਸ ਅਧਿਕਾਰੀ ਕਿਸੇ ਰਾਹਗੀਰ ਜਾਂ ਡਰਾਈਵਰ ਨੂੰ ਸਟੇਅ ਐਟ ਹੋਮ ਹੁਕਮਾਂ ਦੌਰਾਨ ਰੋਕ ਕੇ ਉਨ੍ਹਾਂ ਦੇ ਘਰ ਦਾ ਪਤਾ ਤੇ ਉਨ੍ਹਾਂ ਦੇ ਘਰ ਤੋਂ ਬਾਹਰ ਹੋਣ ਦਾ ਕਾਰਨ ਨਹੀਂ ਪੁੱਛਣਗੇ ਸਗੋਂ ਅਜਿਹੇ ਕਿਸੇ ਵੀ ਸ਼ਖਸ ਨੂੰ ਵੇਖ ਕੇ ਰੋਕਣ ਤੋਂ ਪਹਿਲਾਂ ਪੁਲਿਸ ਇਹੋ ਮੰਨ ਕੇ ਚੱਲੇਗੀ ਕਿ ਸਬੰਧਤ ਵਿਅਕਤੀ ਕਿਸੇ ਆਰਗੇਨਾਈਜ਼ਡ ਜਨਤਕ ਈਵੈਂਟ ਜਾਂ ਸੋਸ਼ਲ ਗੈਦਰਿੰਗ ਵਿੱਚ ਹਿੱਸਾ ਲੈਣ ਲਈ ਜਾ ਰਿਹਾ ਹੈ। ਇਸ ਤੋਂ ਇਲਾਵਾ ਅੱਜ ਤੋਂ ਸ਼ੁਰੂ ਕਰਕੇ ਸਰਕਾਰ ਵੱਲੋਂ ਵਿਆਹਾਂ, ਅੰਤਿਮ ਰਸਮਾਂ, ਧਾਰਮਿਕ ਸੇਵਾਵਾਂ, ਰਸਮਾਂ ਤੇ ਸਮਾਰੋਹਾਂ ਉੱਤੇ ਇੰਡੋਰ ਤੇ ਆਊਟਡੋਰ ਸਿਰਫ 10 ਵਿਅਕਤੀਆਂ ਨੂੰ ਢੁੱਕਣ ਦੀ ਸ਼ਰਤ ਨਿਰਧਾਰਤ ਕਰ ਦਿੱਤੀ ਹੈ। ਇਨ੍ਹਾਂ ਸੇਵਾਵਾਂ ਨਾਲ ਸਬੰਧਤ ਇੱਕਠ ਜਿਵੇਂ ਕਿ ਰਿਸੈਪਸ਼ਨਜ਼ ਆਦਿ, ਉੱਤੇ ਰੋਕ ਲਾ ਦਿੱਤੀ ਗਈ ਹੈ ਬਸ਼ਰਤੇ ਇਸ ਤਰ੍ਹਾਂ ਦੇ ਸਮਾਰੋਹ ਵਿੱਚ ਹਿੱਸਾ ਲੈਣ ਵਾਲੇ ਇੱਕੋ ਪਰਿਵਾਰ ਦੇ ਜੀਅ ਹੋਣ ਤੇ ਇੱਕ ਬਾਹਰੀ ਵਿਅਕਤੀ ਵੀ ਸ਼ਾਮਲ ਹੋ ਸਕਦਾ ਹੈ, ਸ਼ਰਤ ਇਹ ਹੈ ਕਿ ਉਹ ਇੱਕਲਾ ਰਹਿੰਦਾ ਹੋਵੇ। ਡਰਾਈਵ ਇਨ ਸਰਵਿਸ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ।

## ਨਵੀਆਂ ਪਾਬੰਦੀਆਂ ਤਹਿਤ ਪੁਲਿਸ ਨੂੰ ਮਿਲੀਆਂ ਵਿਸ਼ੇਸ਼ ਸ਼ਕਤੀਆਂ

ਓਨਟਾਰੀਓ, 19 ਅਪਰੈਲ (ਪੋਸਟ ਬਿਊਰੋ) : ਸਪਰਿੰਗ ਬ੍ਰੇਕ ਤੋਂ ਬਾਅਦ ਭਾਵੇਂ ਸਕੂਲਾਂ ਦੀਆਂ ਬਿਲਡਿੰਗਜ਼ ਬੰਦ ਰਹਿਣਗੀਆਂ ਪਰ ਸੋਮਵਾਰ ਤੋਂ ਓਨਟਾਰੀਓ ਭਰ ਵਿੱਚ ਵਿਦਿਆਰਥੀ ਵਰਚੂਅਲ ਤੌਰ ਉੱਤੇ ਕਲਾਸਾਂ ਲਾਉਣਗੇ।

ਸਰਕਾਰ ਵੱਲੋਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਕੁੱਝ ਨਵੀਆਂ ਪਾਬੰਦੀਆਂ ਵੀ ਐਲਾਨੀਆਂ ਗਈਆਂ ਹਨ, ਜਿਨ੍ਹਾਂ ਵਿੱਚ ਇੰਟਰਪ੍ਰੋਵਿੰਸ਼ੀਅਲ ਟਰੈਵਲ ਨੂੰ ਸੀਮਤ ਕਰਨਾ ਵੀ ਸ਼ਾਮਲ ਹੈ। ਇੰਟਰਪ੍ਰੋਵਿੰਸ਼ੀਅਲ ਬਾਰਡਰ ਕਰੌਸਿੰਗ ਨੂੰ ਸੀਮਤ ਕਰਨ ਲਈ ਚੈੱਕ ਪੁਆਇੰਟਸ ਵੀ ਕਾਇਮ ਕਰ ਦਿੱਤੇ ਗਏ ਹਨ। ਓਨਟਾਰੀਓ ਵਿੱਚ ਕੰਮ, ਮੈਡੀਕਲ ਕੇਅਰ, ਵਸਤਾਂ ਦੀ ਟਰਾਂਸਪੋਰਟੇਸ਼ਨ ਤੇ ਇੰਡੀਜੀਨਸ ਸੰਧੀ ਦੇ ਅਧਿਕਾਰਾਂ ਨੂੰ ਪੂਰਾ ਕਰਨ ਲਈ ਆਉਣ ਵਾਲਿਆਂ ਨੂੰ ਹੀ ਖੁੱਲ੍ਹ ਦਿੱਤੀ ਜਾਵੇਗੀ।

ਸ਼ੁੱਕਰਵਾਰ ਨੂੰ ਐਲਾਨੇ ਕੁੱਝ ਪਬਲਿਕ ਹੈਲਥ ਨਿਯਮਾਂ ਨੂੰ ਵਾਪਿਸ ਲੈਣ ਦੇ ਬਾਵਜੂਦ ਪ੍ਰੋਵਿੰਸ ਆਪਣੇ ਇਸ ਫੈਸਲੇ ਉੱਤੇ ਕਾਇਮ ਰਹੀ। ਸ਼ਨਿੱਚਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਨੇ ਮਾਪਿਆਂ ਤੇ ਪਬਲਿਕ ਹੈਲਥ ਮਾਹਿਰਾਂ ਵੱਲੋਂ ਕੀਤੀ ਨੁਕਤਾਚੀਨੀ ਤੋਂ ਬਾਅਦ ਪਲੇਅਗ੍ਰਾਊਂਡ ਨੂੰ ਬੰਦ ਕਰਨ ਦੇ ਆਪਣੇ ਫੈਸਲੇ ਨੂੰ ਵਾਪਿਸ ਲੈ ਲਿਆ। ਸ਼ਨਿੱਚਰਵਾਰ ਨੂੰ ਪ੍ਰੋਵਿੰਸ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਵੀ ਵਿਸ਼ੇਸ਼ ਸ਼ਕਤੀਆਂ ਦੇ ਦਿੱਤੀਆਂ ਗਈਆਂ।

ਇਸ ਦੌਰਾਨ ਆਖਿਆ ਗਿਆ ਕਿ ਹੁਣ ਪੁਲਿਸ ਅਧਿਕਾਰੀ ਕਿਸੇ ਰਾਹਗੀਰ ਜਾਂ ਡਰਾਈਵਰ ਨੂੰ ਸਟੇਅ ਐਟ ਹੋਮ ਹੁਕਮਾਂ ਦੌਰਾਨ ਰੋਕ ਕੇ ਉਨ੍ਹਾਂ ਦੇ ਘਰ ਦਾ ਪਤਾ ਤੇ ਉਨ੍ਹਾਂ ਦੇ ਘਰ ਤੋਂ ਬਾਹਰ ਹੋਣ ਦਾ ਕਾਰਨ ਨਹੀਂ ਪੁੱਛਣਗੇ ਸਗੋਂ ਅਜਿਹੇ ਕਿਸੇ ਵੀ ਸ਼ਖਸ ਨੂੰ ਵੇਖ ਕੇ ਰੋਕਣ ਤੋਂ ਪਹਿਲਾਂ ਪੁਲਿਸ ਇਹੋ ਮੰਨ ਕੇ ਚੱਲੇਗੀ ਕਿ ਸਬੰਧਤ ਵਿਅਕਤੀ ਕਿਸੇ ਆਰਗੇਨਾਈਜ਼ਡ ਜਨਤਕ ਈਵੈਂਟ ਜਾਂ ਸੋਸ਼ਲ ਗੈਦਰਿੰਗ ਵਿੱਚ ਹਿੱਸਾ ਲੈਣ ਲਈ ਜਾ ਰਿਹਾ ਹੈ।

ਇਸ ਤੋਂ ਇਲਾਵਾ ਅੱਜ ਤੋਂ ਸ਼ੁਰੂ ਕਰਕੇ ਸਰਕਾਰ ਵੱਲੋਂ ਵਿਆਹਾਂ, ਅੰਤਿਮ ਰਸਮਾਂ, ਧਾਰਮਿਕ ਸੇਵਾਵਾਂ, ਰਸਮਾਂ ਤੇ ਸਮਾਰੋਹਾਂ ਉੱਤੇ ਇੰਡੋਰ ਤੇ ਆਊਟਡੋਰ ਸਿਰਫ 10 ਵਿਅਕਤੀਆਂ ਨੂੰ ਢੁੱਕਣ ਦੀ ਸ਼ਰਤ ਨਿਰਧਾਰਤ ਕਰ ਦਿੱਤੀ ਹੈ। ਇਨ੍ਹਾਂ ਸੇਵਾਵਾਂ ਨਾਲ ਸਬੰਧਤ ਇੱਕਠ ਜਿਵੇਂ ਕਿ ਰਿਸੈਪਸ਼ਨਜ਼ ਆਦਿ, ਉੱਤੇ ਰੋਕ ਲਾ ਦਿੱਤੀ ਗਈ ਹੈ ਬਸ਼ਰਤੇ ਇਸ ਤਰ੍ਹਾਂ ਦੇ ਸਮਾਰੋਹ ਵਿੱਚ ਹਿੱਸਾ ਲੈਣ ਵਾਲੇ ਇੱਕੋ ਪਰਿਵਾਰ ਦੇ ਜੀਅ ਹੋਣ ਤੇ ਇੱਕ ਬਾਹਰੀ ਵਿਅਕਤੀ ਵੀ ਸ਼ਾਮਲ ਹੋ ਸਕਦਾ ਹੈ, ਸ਼ਰਤ ਇਹ ਹੈ ਕਿ ਉਹ ਇੱਕਲਾ ਰਹਿੰਦਾ ਹੋਵੇ। ਡਰਾਈਵ ਇਨ ਸਰਵਿਸ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ।

## ਇਨਕਮ ਟੈਕਸ ਭਰਨ ਵਿੱਚ ਦੇਰੀ ਕਾਰਨ ਕੋਵਿਡ-19 ਵਿੱਤੀ ਮੱਦਦ ਹਾਸਲ ਕਰਨ ਵਿੱਚ ਪੈ ਸਕਦਾ ਹੈ ਅੜਿੱਕਾ : ਸੀ ਆਰ ਏ

ਟੋਰਾਂਟੋ, 19 ਅਪਰੈਲ (ਪੋਸਟ ਬਿਊਰੋ) :ਮਹਾਂਮਾਰੀ ਨੂੰ ਲੈ ਕੇ ਚੱਲ ਰਹੀ ਚਿੰਤਾ ਤੇ ਕੰਮ ਵਿੱਚ ਰੁੱਝੀਆਂ ਜ਼ਿੰਦਗੀਆਂ ਦਰਮਿਆਨ ਸਾਲ ਦੇ ਇਸ ਸਮੇਂ ਇਨਕਮ ਟੈਕਸ ਫਾਈਲ ਕਰਨ ਦਾ ਇਰਾਦਾ ਕਾਫੀ ਵਿਲੱਖਣ ਹੈ। ਇਸ ਦੌਰਾਨ ਕੈਨੇਡਾ ਰੈਵਨਿਊ ਏਜੰਸੀ (ਸੀ ਆਰ ਏ)ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਕੋਈ ਵੀ 30 ਅਪਰੈਲ ਦੀ ਸਮਾਂ ਸੀਮਾਂ ਟੱਪ ਜਾਂਦਾ ਹੈ ਤੇ ਕੋਵਿਡ-19 ਬੈਨੇਫਿਟ ਹਾਸਲ ਕਰਨ ਦੀ ਉਡੀਕ ਕਰਦਾ ਰਹਿੰਦਾ ਹੈ ਤਾਂ ਉਸ ਨੂੰ ਦੋ ਮਹੀਨੇ ਦੀ ਦੇਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇੱਕ ਤਾਜ਼ਾ ਪੋਸਟ ਵਿੱਚ ਸੀ ਆਰ ਏ ਨੇ ਇਹ ਸਵੀਕਾਰ ਕੀਤਾ ਕਿ ਕੁੱਝ ਕੈਨੇਡੀਅਨਾਂ ਨੂੰ ਇਸ ਸਾਲ ਆਪਣਾ ਇਨਕਮ ਟੈਕਸ ਭਰਵਾਉਣ ਵਿੱਚ ਕੁੱਝ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਏਜੰਸੀ ਵੱਲੋਂ ਇਹ ਵੀ ਆਖਿਆ ਗਿਆ ਕਿ ਕਿਸੇ ਨੂੰ ਵੀ ਕੈਨੇਡਾ ਰਿਕਵਰੀ ਬੈਨੇਫਿਟ (ਸੀ ਆਰ ਬੀ), ਦ ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੇਫਿਟ (ਸੀ ਆਰ ਸੀ ਬੀ) ਜਾਂ ਦ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ (ਸੀ ਆਰ ਐਸ ਬੀ) ਲਈ ਯੋਗਤਾ ਤੈਅ ਕਰਨ ਲਈ 2020 ਟੈਕਸ ਇਨਫਰਮੇਸ਼ਨ ਚਾਹੀਦੀ ਹੋਵੇਗੀ।




ਤਿੰਨਾਂ ਪ੍ਰੋਗਰਾਮਾਂ ਤਹਿਤ ਇਹ ਸ਼ਰਤ ਹੈ ਕਿ ਬਿਨੈਕਾਰ ਨੇ 2019 ਤੇ 2020 ਵਿੱਚ ਘੱਟੋ ਘੱਟ 5000 ਡਾਲਰ ਜਾਂ ਅਰਜ਼ੀ ਦੇਣ ਦੀ ਤਰੀਕ ਤੋਂ 12 ਮਹੀਨੇ ਪਹਿਲਾਂ ਐਨੀ ਹੀ ਰਕਮ ਕਮਾਈ ਹੋਵੇ। ਏਜੰਸੀ ਨੇ ਆਖਿਆ ਕਿ ਜੇ ਉਨ੍ਹਾਂ ਨੂੰ ਵਾਧੂ ਜਾਣਕਾਰੀ ਚਾਹੀਦੀ ਹੋਵੇਗੀ ਤਾਂ ਸੀ ਆਰ ਏ ਅਰਜ਼ੀ ਹਾਸਲ ਹੋਣ ਤੋਂ ਅੱਠ ਹਫਤੇ ਤੱਕ ਉਸ ਸਬੰਧੀ ਪ੍ਰਕਿਰਿਆ ਪੂਰੀ ਕਰੇਗੀ। ਏਜੰਸੀ ਨੇ ਇਹ ਵੀ ਦੱਸਿਆ ਕਿ ਜੇ ਸਮੇਂ ਸਿਰ ਰਿਟਰਨ ਫਾਈਲ ਕੀਤੀ ਜਾਵੇਗੀ ਤਾਂ ਉਸ ਨੂੰ ਪ੍ਰੋਸੈੱਸ ਕਰਨ ਵਿੱਚ 3 ਤੋਂ 5 ਦਿਨ ਲੱਗਣਗੇ। ਕੈਨੇਡਾ ਵਿੱਚ ਟੈਕਸ ਫਾਈਲ ਕਰਨ ਵਾਲੇ 90 ਫੀ ਸਦੀ ਲੋਕ ਆਨਲਾਈਨ ਹੀ ਇਹ ਟੈਕਸ ਫਾਈਲ ਕਰਦੇ ਹਨ।

ਪਿਛਲੇ ਹਫਤੇ ਫੈਡਰਲ ਸਰਕਾਰ ਉੱਤੇ ਕੰਜ਼ਰਵੇਟਿਵਾਂ ਵੱਲੋਂ ਇਸ ਸਾਲ ਟੈਕਸ ਫਾਈਲ ਕਰਨ ਲਈ ਡੈੱਡਲਾਈਨ ਵਿੱਚ ਵਾਧਾ ਕਰਨ ਲਈ ਦਬਾਅ ਪਾਇਆ ਗਿਆ ਸੀ ਤੇ ਇਸ ਦੌਰਾਨ ਕਿਊਬਿਕ ਨੇ ਆਖਿਆ ਕਿ ਉਹ ਇਸ ਸਬੰਧ ਵਿੱਚ ਆਪਣੀ ਸਮਾਂ ਸੀਮਾਂ ਮਈ ਤੱਕ ਵਧਾਵੇਗਾ। ਪਰ ਖਜ਼ਾਨਾ ਮੰਤਰੀ ਦੇ ਪਾਰਲੀਆਮਾਨੀ ਸੈਕਟਰੀ ਫਰਾਂਸਿਸਕੋ ਸੋਰਬਾਰਾ ਨੇ ਆਖਿਆ ਕਿ ਬੈਨੇਫਿਟਸ ਵਿੱਚ ਰੁਕਾਵਟ ਤੋਂ ਬਚਣ ਲਈ ਕੈਨੇਡੀਅਨਾਂ ਨੂੰ ਟੈਕਸ ਸਮੇਂ ਸਿਰ ਫਾਈਲ ਕਰਨਾ ਚਾਹੀਦਾ ਹੈ।

## ਕੋਰੋਨਾ ਦੇ ਵਧਦੇ ਖ਼ਤਰੇ ਕਾਰਨ ਦਿੱਲੀ ਵਿੱਚ 6 ਦਿਨ ਦਾ ਲਾਕਡਾਊਨ ਲਾਗੂ

ਨਵੀਂ ਦਿੱਲੀ, 19 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੇ ਵਧੇ ਨੂੰ ਰੋਕਣ ਲਈ ਅੱਜ ਤੋਂ ਅਗਲੇ 6 ਦਿਨਾਂ ਲਈ ਭਾਰਤ ਦੀ ਰਾਜਧਾਨੀ ਦਿੱਲੀ ਵਿੱਚਲਾਕਡਾਊਨ ਲਾ ਦਿੱਤਾ ਗਿਆ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਕੀਤੇ ਹੁਕਮ ਅਨੁਸਾਰ ਅੱਜ ਸੋਮਵਾਰ ਰਾਤ 10 ਵਜੇ ਤੋਂ ਅਗਲੇ ਸੋਮਵਾਰ ਸਵੇਰੇ 5 ਵਜੇ ਤਕ ਦਿੱਲੀ ਬੰਦ ਰਹੇਗੀ। ਬੀਤੇ ਐਤਵਾਰ ਕਰੀਬ 25,000 ਨਵੇਂ ਕੇਸਾਂ ਨਾਲ ਦਿੱਲੀਭਾਰਤਦਾ ਸਭ ਤੋਂ ਖ਼ਰਾਬ ਸਥਿਤੀ ਵਾਲਾ ਸ਼ਹਿਰ ਮੰਨਿਆ ਗਿਆ ਹੈ। ਅੱਜ ਲਾਗੂ ਕੀਤੇ ਗਏ ਇਸ ਲਾਕਡਾਊਨ ਦੀ ਖ਼ਬਰ ਪਿੱਛੋਂ ਕਿਤੇ ਸ਼ਰਾਬ ਦੀਆਂ ਦੁਕਾਨਾਂ ਉੱਤੇ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ ਤਾਂ ਕਿਤੇ ਬੱਸ ਸਟੈਂਡ ਉੱਤੇ ਲੋਕ ਆਪਣੇ ਘਰਾਂ ਨੂੰ ਵਾਪਸ ਜਾਣ ਲਈ ਪਹੁੰਚ ਗਏ। ਦਿੱਲੀ ਵਿੱਚ ਇਸ ਲਾਕਡਾਊਨ ਦੇ ਦੌਰਾਨ ਰੋਜ਼ਾਨਾ ਲੋੜ ਦੀਆਂ ਚੀਜ਼ਾਂ ਲਈ ਕਿਸੇ ਨੂੰ ਨਹੀਂ ਰੋਕਿਆ ਜਾਵੇਗਾ। ਇਸ ਦੌਰਾਨ ਏਅਰਪੋਰਟ, ਹਸਪਤਾਲ ਆਦਿ ਜਾਣ ਵਾਲਿਆਂ ਤੇ ਕੋਰੋਨਾ ਵਿਰੁੱਧ ਇਸ ਜੰਗ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਡਾਕਟਰਾਂ, ਪੁਲਿਸ ਵਾਲਿਆਂ, ਮੈਡੀਕਲ ਸਟੋਰ ਉੱਤੇ ਕੰਮ ਕਰਨ ਵਾਲੇ ਲੋਕਾਂ, ਕਰਿਆਨੇ ਦੀਆਂ ਦੁਕਾਨਾਂ, ਬੈਂਕ, ਪੈਟਰੋਲ ਪੰਪ ਆਦਿ ਨੂੰ ਕੋਈ ਰੋਕ ਨਹੀਂ ਲਾਈ ਗਈ।

KANG TAX & FINANCIAL SERVICES
Carte WEALTH MANAGEMENT INC.
› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***
FREE For New Immigrants
TAX Filing $40 +Tax
$10 OFF Coupon only for New Clients One per family
Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Aaxel Insurance.
Suite #105-2645 Islington Ave.
Etobicoke, ON M9V 2X6
Website: www.kangtax.com
Email: sukhwinder.kang@cartewm.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਅੱਜ ਨਾਮਾ

ਮਮਤਾ ਬੈਨਰਜੀ ਮਾਰਦੀ ਬੜ੍ਹਕ ਬੇਸ਼ੱਕ,
ਪਹਿਲਾਂ ਜਿਹੀ ਨਾ ਰਹੀ ਮਜ਼ਬੂਤ ਭਾਈ।
ਸਾਰੀ ਤਾਕਤ ਹੈ ਝੋਕ'ਤੀ ਭਾਜਪਾਈਆਂ,
ਆਗੂ, ਵਰਕਰ ਤੇ ਸਾਧ ਅਵਧੂਤ ਭਾਈ।
ਦੂਸ਼ਣਬਾਜ਼ੀ ਪਈ ਚੱਲਦੀ ਖੂਬ ਸੁਣਦੀ,
ਬਾਹਲੀ ਹੁੰਦੀ ਆ ਬਿਨਾਂ ਸਬੂਤ ਭਾਈ।
ਰੌਲੇ-ਗੌਲੇ ਦੇ ਵਿੱਚ ਨਹੀਂ ਪਤਾ ਕੀਹਦਾ,
ਆਉਣਾ ਆਖਰ ਨੂੰ ਕੰਮ ਹੈ ਸੂਤ ਭਾਈ।
ਸਾਰੇ ਪੱਛਮ ਬੰਗਾਲ 'ਤੇ ਝਾਤ ਪਾਈਏ,
ਧਿਰ ਤੀਜੀ ਵੀ ਕਈ ਥਾਂ ਰੜਕਦੀ ਆ।
ਮੱਠੀ ਚਾਲ ਆ, ਨਾਲੇ ਰਫਤਾਰ ਧੀਮੀ,
ਅੱਗੇ ਜਿਹੀ ਨਾ ਐਤਕੀਂ ਖੜਕਦੀ ਆ।

**ਤੀਸ ਮਾਰ ਖਾਂ**

# ਇਸ ਹਫਤੇ ਫੈਡਰਲ ਸਰਕਾਰ ਨੂੰ ਫਾਈਜ਼ਰ-ਬਾਇਓਐਨਟੈਕ ਤੋਂ ਇੱਕ ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ

ਓਟਵਾ, 19 ਅਪਰੈਲ (ਪੋਸਟ ਬਿਊਰੋ) : ਵਾਅਦੇ ਮੁਤਾਬਕ ਕੋਵਿਡ-19 ਵੈਕਸੀਨਜ਼ ਵੱਡੀ ਗਿਣਤੀ ਵਿੱਚ ਹਾਸਲ ਕਰਨ ਲਈ ਅਜੇ ਕੈਨੇਡਾ ਨੂੰ ਥੋੜ੍ਹਾ ਸਮਾਂ ਹੋਰ ਉਡੀਕ ਕਰਨੀ ਪੈ ਸਕਦੀ ਹੈ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਹਫਤੇ ਫਾਈਜ਼ਰ-ਬਾਇਓਐਨਟੈਕ ਦੇ 1 ਮਿਲੀਅਨ ਸ਼ੌਟਜ਼ ਹਾਸਲ ਹੋ ਜਾਣਗੇ। ਦੋ ਫਾਰਮਾਸਿਊਟੀਕਲ ਫਰਮਾਂ ਵੱਲੋਂ ਨਿਰਧਾਰਤ ਸ਼ਡਿਊਲ ਉੱਤੇ ਡੋਜ਼ਾਂ ਮੁਹੱਈਆ ਕਰਵਾਈਆਂ ਜਾਣਗੀਆਂ। ਓਟਵਾ ਨੂੰ ਮੌਡਰਨਾ ਤੋਂ ਵੀ 1•2 ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ ਸੀ ਪਰ ਅਜਿਹਾ ਪਿਛਲੇ ਹਫਤੇ ਉਦੋਂ ਤੱਕ ਸੀ ਜਦੋਂ ਸਰਕਾਰੀ ਅਧਿਕਾਰੀਆਂ ਨੇ ਇਹ ਖੁਲਾਸਾ ਕੀਤਾ ਕਿ ਇਸ ਖੇਪ ਵਿੱਚ ਦੇਰ ਹੋ ਸਕਦੀ ਹੈ।



ਸਰਕਾਰ ਵੱਲੋਂ ਇਹ ਦੋਸ਼ ਲਾਇਆ ਗਿਆ ਹੈ ਕਿ ਕੁਆਲਿਟੀ ਐਸ਼ਿਓਰੈਂਸ ਟੈਸਟਿੰਗ ਕਾਰਨ ਇਹ ਕਮੀ ਆਈ ਹੈ ਤੇ ਇਸ ਕਾਰਨ ਕੈਨੇਡਾ ਨੂੰ ਹਾਸਲ ਹੋਣ ਵਾਲੀਆਂ ਡੋਜ਼ਾਂ ਇਸ ਮਹੀਨੇ ਅੱਧੀਆਂ ਰਹਿ ਜਾਂਣਗੀਆਂ ਤੇ ਇਨ੍ਹਾਂ ਦੀ ਡਲਿਵਰੀ ਵਿੱਚ ਵੀ ਘੱਟੋ ਘੱਟ ਇੱਕ ਹਫਤੇ ਦੀ ਦੇਰ ਹੋ ਜਾਵੇਗੀ। ਅਗਲੇ ਸੱਤ ਦਿਨਾਂ ਤੱਕ ਓਟਵਾ ਨੂੰ ਆਕਸਫੋਰਡ-ਐਸਟ੍ਰਾਜ਼ੈਨੇਕਾ ਜਾਂ ਜੌਹਨਸਨ ਐਂਡ ਜੌਹਨਸਨ ਵੈਕਸੀਨਜ਼ ਦੀ ਕੋਈ ਖੇਪ ਹਾਸਲ ਨਹੀਂ ਹੋਣ ਵਾਲੀ। ਫਿਰ ਵੀ ਫੈਡਰਲ ਸਰਕਾਰ ਨੂੰ ਇਹ ਪੂਰੀ ਆਸ ਹੈ ਕਿ ਸਤੰਬਰ ਦੇ ਅੰਤ ਤੱਕ ਸਾਰੇ ਬਾਲਗਾਂ ਦਾ ਟੀਕਾਕਰਣ ਪੂਰਾ ਹੋ ਜਾਵੇਗਾ।

# ਨਵਜੋਤ ਸਿੱਧੂ ਦਾ ਤਿੱਖਾ ਸਵਾਲ: ਪ੍ਰਕਾਸ਼ ਸਿੰਘ ਤੇ ਸੁਖਬੀਰ ਬਾਦਲ ਦੀ ਗ੍ਰਿਫ਼ਤਾਰੀ ਬੇਅਦਬੀ ਕੇਸ ਵਿੱਚ ਕਿਉਂ ਨਹੀਂ ਹੋਈ?

ਚੰਡੀਗੜ੍ਹ, 19 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਬੇਅਦਬੀ ਕੇਸ ਵਿਚ ਕਾਰਵਾਈ ਬਾਰੇ ਅੱਜ ਫਿਰ ਤਿੱਖੇ ਸਵਾਲ ਚੁੱਕੇ ਹਨ।

ਇਸ ਸੰਬੰਧ ਵਿੱਚ ਅੱਜ ਨਵਜੋਤ ਸਿੰਘ ਸਿੱਧੂ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ ਕਿ ਕੋਟਕਪੂਰਾ ਗੋਲੀਕਾਂਡ ਦੀ ਚਾਰਜਸ਼ੀਟ ਅਦਾਲਤ ਵਲੋਂ ਰੱਦ ਕੀਤੇ ਜਾਣ ਦੇ ਹੁਕਮ ਸਟੇਟ ਦੇ ਡੋਮੇਨ ਵਿੱਚ ਨਹੀਂ ਹਨ, ਪਰ ਪਛਾਣੇ ਗਏ ਦੋਸ਼ੀਆਂ ਦੇ ਖਿਲਾਫ ਉਸ ਵਕਤ ਦਰਜ ਹੋਇਆ ਕੇਸ(ਐੱਫ ਆਈ ਆਰ), ਜਾਂਚ ਅਤੇ ਗ੍ਰਿਫ਼ਤਾਰੀ ਕਰਨਾ ਤਾਂ ਪੰਜਾਬ ਸਰਕਾਰ ਦੀ ਅਥਾਰਿਟੀ ਦੇ ਘੇਰੇ ਵਿਚ ਹੈ,ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵਲੋਂ 3 ਸਾਲ ਦੀ ਜਾਂਚ ਪਿੱਛੋਂ ਫਿਰ ਵੀ ਅਜੇ ਤੱਕ ਅਸਲੀ ਦੋਸ਼ੀ ਅਤੇ ਸਿਆਸੀ ਫੈਸਲਾਕਾਰ ਉਸ ਵਕਤ ਦੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਓਦੋਂ ਦੇਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸੀਖਾਂ ਪਿੱਛੇ ਕਿਉਂ ਨਹੀਂ ਦਿੱਤੇ ਗਏ?ਕੁਝ ਦਿਨ ਪਹਿਲਾਂ ਨਵਜੋਤ ਸਿੰਘਸਿੱਧੂ ਨੇ ਪ੍ਰੈੱਸ ਕਾਨਫਰੰਸ ਕਰਕੇ ਆਪਣੀ ਹੀ ਪਾਰਟੀ ਦੀ ਪੰਜਾਬ ਸਰਕਾਰ ਬਾਰੇ ਸਵਾਲ ਚੁੱਕੇ ਸਨ। ਉਹ ਕਹਿੰਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਾਰਨਐੱਸ ਆਈ ਟੀ ਨੂੰ ਢਾਹ ਲੱਗੀ ਹੈ।

*** ਫੂਲਕਾ ਦੀ ਚਿੱਠੀ ਦਾ ਵੀ ਸਿੱਧੂ ਵੱਲੋਂ ਤਿੱਖਾ ਜਵਾਬ**

ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਸੀਨੀਅਰ ਵਕੀਲ ਅਤੇ ਸਾਬਕਾ ਵਿਧਾਇਕ ਐੱਚ ਐੱਸਫੂਲਕਾ ਦੀ ਉਸ ਚਿੱਠੀ ਦਾ ਜਵਾਬ ਵੀਦਿੱਤਾ ਹੈ, ਜਿਸ ਵਿਚ ਉਨ੍ਹਾਂ ਸਿੱਧੂ ਨੂੰ ਨਸੀਹਤ ਦਿੱਤੀ ਸੀ ਕਿ ਗੱਜਣ ਦਾ ਨਹੀਂ, ਵਰ੍ਹਨ ਦਾ ਸਮਾਂ ਹੈ। ਫੂਲਕਾ ਦੀ ਚਿੱਠੀ ਦਾ ਉਸੇ ਲਹਿਜੇ ਵਿੱਚ ਜਵਾਬ ਦਿੰਦਿਆਂ ਸਿੱਧੂ ਨੇ ਕਿਹਾ ਕਿ ਲੋਕਾਂ ਦਾ ਚੁਣਿਆ ਨੁਮਾਇੰਦਾ ਹੋਣ ਦੇ ਨਾਤੇ ਜਿੰਨਾ ਉਹ ਕਰ ਸਕਦੇ ਸਨ, ਓਦੋਂ ਵੱਧ ਕਰ ਰਹੇ ਹਨ। ਇਸ ਪੱਤਰ ਵਿਚ ਸਿੱਧੂ ਨੇ ਫੂਲਕਾ ਨੂੰ ਜਵਾਬ ਦੇਣ ਦੇ ਨਾਲਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਆਪਣੀ ਜ਼ਿੰਮੇਵਾਰੀ ਠੀਕ ਢੰਗ ਨਾਲ ਨਿਭਾਉਣ ਨੂੰਕਿਹਾ ਹੈ। ਉਨ੍ਹਾ ਨੇ ਫੂਲਕਾ ਨੂੰ ਕਿਹਾ ਕਿ 'ਵਿਧਾਨ ਸਭਾ ਮੈਂਬਰ ਹੁੰਦੇ ਹੋਏ ਮੈਂ ਅਤੇ ਤੁਸੀਂ ਆਵਾਜ਼ ਚੁੱਕੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿਚ ਮੈਂ ਇਨਸਾਫ਼ ਲਈ ਲੜਦਿਆਂ ਸੱਚ ਪ੍ਰਗਟ ਕਰਨ ਤੇ ਸਰਕਾਰ ਉੱਤੇ ਦਬਾਅ ਪਾਉਣ ਲਈ ਵਿਧਾਨ ਸਭਾ ਵਿੱਚ ਵੀ ਸੱਚ ਪੇਸ਼ ਕੀਤਾ, ਰਿਪੋਰਟ ਆਧਾਰਤ ਸਬੂਤ ਪੇਸ਼ ਕਰ ਕੇ



ਰਾਜਨੀਤਕ ਦੋਸ਼ੀਆਂ ਦੇ ਨਾਂ ਖੁੱਲ੍ਹ ਕੇ ਬੋਲੇ, ਤਾਂ ਕਿ ਜਾਂਚ ਤੇਜ਼ੀ ਨਾਲ ਹੋਵੇ ਅਤੇ ਗੁਨਾਹਗਾਰਾਂ ਨੂੰ ਜਲਦੀਸਜ਼ਾ ਮਿਲੇ। ਉਸ ਵਿਧਾਨ ਸਭਾ ਸ਼ੈਸਨ ਤੋਂ ਬਾਅਦ ਮੈਂ ਪ੍ਰੈਸ ਕਾਨਫਰੰਸ ਕਰਕੇ ਕੋਟਕਪੂਰਾ ਚੌਕ ਦੀ 14-15 ਅਕਤੂਬਰ 2015 ਦੀ ਸੀਸੀਟੀ ਵੀ ਫੁਟੇਜ ਪੂਰੇ ਪੰਜਾਬ ਦੇ ਮੀਡੀਆ ਵਿੱਚ ਜਨਤਕ ਕੀਤੀ। ਇਸ ਫੁਟੇਜ ਨੂੰ ਪਿਛਲੀ ਸਰਕਾਰ ਛੁਪਾਈ ਬੈਠੀ ਸੀ ਤੇ ਉਸਨੇ ਜ਼ੋਰਾ ਸਿੰਘ ਕਮਿਸ਼ਨ ਨੂੰ ਕਿਹਾ ਸੀ ਕਿ ਅਜਿਹਾ ਕੁਝ ਹੈ ਹੀ ਨਹੀਂ। ਉਸ ਸੀਸੀਟੀ ਵੀ ਫੁਟੇਜ ਵਿਚ ਇਹ ਸਬੂਤ ਹਨ ਕਿ ਪੁਲਸ ਨੇ ਕਿਸ ਤਰ੍ਹਾਂ ਨਿਹੱਥੇ ਸ਼ਾਂਤ ਬੈਠੇ ਲੋਕਾਂ ਉੱਤੇ ਗੋਲੀਆਂ ਚਲਾਈਆਂ ਅਤੇ ਤਸ਼ੱਦਦ ਕੀਤਾ। ਇਹੀ ਫੁਟੇਜ ਅੱਗੇ ਚੱਲ ਕੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਲਈ ਇਹ ਸਾਬਤ ਕਰਨ ਵਿੱਚ ਸਹਾਇਕ ਸਿੱਧ ਹੋਈ ਕਿ ਦੋਸ਼ੀ ਕੌਣ ਸਨ, ਉਹ ਕਿਵੇਂ ਲੋਕਾਂ ਉੱਪਰ ਤਸ਼ੱਦਦ ਕਰ ਰਹੇ ਸਨ, ਕਿਵੇਂ ਫ਼ੋਨ ਉੱਤੇ ਹੁਕਮ ਲੈ ਰਹੇ ਸਨ,ਕਿਵੇਂ ਫ਼ੋਨ ਉੱਤੇ ਆਏ ਹੁਕਮਾਂ ਕਰਕੇ ਸਭ ਕੁਝ ਵਾਪਰਿਆ? ਮੈਂ ਇਸੇ ਪ੍ਰੈੱਸ ਕਾਨਫ਼ਰੰਸ ਵਿਚ ਦੋਸ਼ੀਆਂ ਉੱਪਰ ਕੇਸ ਕਰਨ ਦੀ ਵੀ ਮੰਗ ਕੀਤੀ ਸੀ, ਜੋ ਇਸ ਤੋਂ ਬਾਅਦ ਦਰਜ ਵੀ ਕੀਤਾ ਗਿਆ ਅਤੇ ਇਸੇ ਉੱਪਰ ਐੱਸ ਆਈ ਟੀ ਨੇ ਜਾਂਚ ਕੀਤੀ।'

ਆਪਣੇ ਜਵਾਬ ਵਿਚ ਨਵਜੋਤ ਸਿੰਘ ਸਿੱਧੂ ਨੇ ਐੱਚ ਐੱਸ ਫੂਲਕਾ ਦੀ ਉਹ ਮੰਗ ਸਿਰੇ ਤੋਂ ਨਾਕਾਰ ਦਿੱਤਾ, ਜਿਸ ਵਿਚ ਉਨ੍ਹਾਂ ਨੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਨੂੰ ਕਿਹਾ ਸੀ। ਸਿੱਧੂ ਨੇ ਕਿਹਾ ਕਿ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਮਸਲਾ ਹੱਲ ਨਹੀਂ ਹੋਣਾ, ਇਹ ਸਿਰਫ਼ ਰਾਜ ਦੇ ਗ੍ਰਹਿ ਮੰਤਰੀ ਦੇ ਹੱਥ ਹੈ। ਮੈਂ ਤੁਹਾਨੂੰ ਇਹੀ ਸੁਝਾਅ ਦਿਆਂਗਾ ਕਿ ਸਪੈਸ਼ਲ ਸੈਸ਼ਨ ਦੀ ਮੰਗ ਕਰਕੇ ਲੋਕਾਂ ਨੂੰ ਗਲਤ ਰਾਹ ਵੱਲ ਨਾ ਪਾਓ। ਪਿਛਲੀ ਵਾਰ ਅਸੀਂ ਇਸੇ ਤਰ੍ਹਾਂ ਗੁੰਮਰਾਹ ਹੋਏ ਸੀ, ਸਿਰਫ਼ ਤੇ ਸਿਰਫ਼ ਸੰਵਿਧਾਨ ਅਨੁਸਾਰ ਰਾਜ ਦੀ ਕਾਰਜਕਾਰੀ ਸ਼ਕਤੀ ਗ੍ਰਹਿ ਮੰਤਰੀ ਇਹ ਤਾਕਤ ਰੱਖਦਾ ਹੈ ਕਿ ਉਹ ਕੇਸ ਦਰਜ ਕਰਨ ਅਤੇ ਗ੍ਰਿਫ਼ਤਾਰੀ ਦੇ ਰਾਜਨੀਤਕ ਹੁਕਮ ਦੇ ਸਕੇ।'

# ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਅਸਤੀਫ਼ਾ ਮਨਜ਼ੂਰ

ਚੰਡੀਗੜ੍ਹ, 19 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪੁਲਿਸ ਦੇ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਅਸਤੀਫ਼ਾ ਅੱਜ ਮਨਜ਼ੂਰ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ 2015 ਵਿੱਚਹੋਏ ਕੋਟਕਪੂਰਾ ਤੇ ਬਹਿਬਲ ਕਲਾਂ ਗੋ.ਲੀਬਾਰੀ ਕਾਂਡ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ(ਐੱਸ ਆਈ ਟੀ) ਦੇ ਮੁਖੀ ਸਨ। 1998 ਬੈਚ ਦੇ ਪੰਜਾਬ ਕੈਡਰ ਦੇ ਆਈਪੀਐੱਸ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂਐੱਸ ਆਈ ਟੀ ਦੀ ਰਿਪੋਰਟ ਰੱਦ ਕੀਤੇ ਜਾਣ ਪਿੱਛੋਂ ਪੁਲਸ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸਰਕਾਰੀ ਸੂਤਰਾਂ ਨੇ ਅੱਜ ਦੱਸਿਆ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਸਵੈ-ਇੱਛਾ ਵਾਲੀ ਸੇਵਾਮੁਕਤੀ ਦੀ ਅਰਜ਼ੀ ਪ੍ਰਵਾਨ ਕਰ ਲਈ ਗਈ ਹੈ।

ਬੀਤੀ 11 ਅਪਰੈਲ ਨੂੰ ਪੰਜਾਬ ਦੇ ਚੀਫ ਸੈਕਟਰੀ ਨੂੰ ਭੇਜੇ ਆਪਣੇ ਅਸਤੀਫ਼ੇ ਵਿੱਚ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਸੀ ਕਿ ਉਹ 15 ਅਪਰੈਲ 2021 ਤੋਂ ਆਪਣੇ ਅਹੁਦੇ ਤੋਂ ਸੇਵਾ ਮੁਕਤੀ ਦੀ ਅਰਜ਼ੀ ਦਿੰਦੇ ਹਨ। ਉਨ੍ਹਾਂ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੀ ਮਾਫ਼ੀ ਦੀ ਮੰਗ ਕੀਤੀ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਉਨ੍ਹਾਂ ਦਾ ਅਸਤੀਫ਼ਾ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਆਈਜੀ ਆਪਣੇ ਸਟੈਂਡ ਉੱਤੇ ਅੜੇ ਰਹੇ ਸਨ।
















# ਸੁਖਬੀਰ ਸਿੰਘ ਬਾਦਲ ਵੱਲੋਂ ਕੁੰਵਰ ਵਿਜੇ ਪ੍ਰਤਾਪ ਦੇ ਖਿਲਾਫ ਮਾਣਹਾਨੀ ਕੇਸ ਕਰਨ ਦਾ ਐਲਾਨ



ਚੰਡੀਗੜ੍ਹ, 19 ਅਪਰੈਲ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਏਥੇ ਕਿਹਾ ਹੈ ਕਿ ਉਹ ਕੋਟਕਪੂਰਾ ਫਾਇਰਿੰਗ ਕੇਸ ਦੇ ਗਵਾਹ ਅਜੀਤ ਸਿੰਘ ਨੂੰ ਕਦੇ ਨਹੀਂ ਮਿਲੇ ਅਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਇਸ ਝੂਠੇ ਦਾਅਵੇ ਕਿ ਮੈਂ ਗਵਾਹ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਦੇਣ ਦਾ ਵਾਅਦਾ ਕਰ ਕੇ ਉਸ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਲਈ ਉਨ੍ਹਾਂ ਦੇ ਖਿਲਾਫ ਮਾਣਹਾਨੀ ਦਾ ਕੇਸ ਕਰਾਂਗਾ।

ਇਥੇ ਜਾਰੀ ਕੀਤੇ ਬਿਆਨ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਸਾਫ ਹੈ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਉਣ ਦਾ ਖੁਮਾਰ ਚੜ੍ਹਿਆ ਸੀ ਅਤੇ ਇਸੇ ਲਈ ਉਸ ਨੇ ਇਹ ਦੂਸ਼ਣਬਾਜ਼ੀ ਦਾ ਪੱਤਰ ਪੰਜਾਬ ਪੁਲਸ ਦੇ ਮੁਖੀ ਨੂੰ ਭੇਜ ਕੇ ਝੂਠੇ ਦੋਸ਼ ਲਾਏ ਸਨ। ਉਨ੍ਹਾਂ ਕਿਹਾ ਕਿ ਆਈ ਜੀ ਨੂੰ ਹਾਈ ਕੋਰਟ ਵਿਚ ਚੱਲਦੇ ਕੋਟਕਪੂਰਾ ਫਾਇਰਿੰਗ ਕੇਸ ਦੀ ਕਾਰਵਾਈ ਬਾਰੇ ਪਹਿਲਾਂ ਹੀ ਪਤਾ ਸੀ ਕਿ ਉਸ ਦੀ ਜਾਂਚ ਰੱਦਹੋ ਜਾਵੇਗੀ। ਉਨ੍ਹਾਂ ਕਿਹਾ ਕਿ ਤਾਜ਼ਾ ਦੂਸ਼ਣਬਾਜ਼ੀ ਅਸਲ ਵਿਚ ਉਸ ਦੀ ਨਮੋਸ਼ੀ ਦਾ ਨਤੀਜਾ ਹੈ, ਜਿਸ ਦਾ ਮਕਸਦ ਕਾਂਗਰਸ ਪਾਰਟੀ ਦੇ ਸਿਆਸੀ ਏਜੰਡੇ ਉੱਤੇ ਤਿੰਨ ਸਾਲ ਚੱਲਣ ਮਗਰੋਂ ਕੇਸ ਦਾ ਸਿਆਸੀਕਰਨ ਕਰਨਾ ਹੈ। ਉਨ੍ਹਾਂ ਕਿਹਾ ਕਿ ਆਈ ਜੀ ਨੇ ਕਾਂਗਰਸ ਸਰਕਾਰ ਦੇ ਇਸ਼ਾਰੇ ਉੱਤੇ ਅਕਾਲੀ ਦਲ ਤੇ ਇਸ ਦੀ ਸੀਨੀਅਰ ਲੀਡਰਸ਼ਿਪ ਨੂੰ ਇਸ ਕੇਸ ਵਿਚ ਫਸਾਉਣ ਦਾ ਯਤਨ ਕੀਤਾ ਸੀ, ਪਰ ਉਹ ਇਸ ਵਿਚ ਅਸਫਲ ਰਿਹਾ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਵੇਲੇ ਕੁੰਵਰ ਵਿਜੇ ਪ੍ਰਤਾਪ ਸਿੰਘ ਸੀਨੀਅਰ ਅਕਾਲੀ ਲੀਡਰਸ਼ਿਪ ਨੂੰ ਬਦਨਾਮ ਕਰਨ ਲਈ ਚਿੱਠੀ ਦਾ ਤਰੀਕਾ ਵਰਤ ਰਿਹਾ ਹੈ। ਉਨ੍ਹਾਂ ਕਿਹਾ ਕਿ ਆਈਜੀ ਵੱਲੋਂ ਅਸਲ ਦੋਸ਼ੀਆਂ ਨੂੰ ਫੜਨ ਦੀ ਥਾਂ ਇਹ ਆਪਣੇ ਸਰਕਾਰੀ ਅਹੁਦੇ ਦੀ ਸਿਆਸੀ ਦੁਰਵਰਤੋਂ ਦਾ ਸਾਫਕੇਸ ਹੈ। ਛੋਟੇ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਕੇਸ ਦੇ ਗਵਾਹ ਅਜੀਤ ਸਿਘ ਨੇ ਸਾਫ ਕਿਹਾ ਹੈ ਕਿ ਉਸ ਨੂੰਸ਼੍ਰੋਮਣੀ ਵਿਚ ਨੌਕਰੀ ਦਿਵਾਉਣ ਲਈ ਕਿਸੇ ਨੇ ਪਹੁੰਚ ਨਹੀਂ ਕੀਤੀ ਅਤੇ ਉਸ ਨੇ ਆਪ ਨੌਕਰੀ ਵਾਸਤੇ ਸਿੱਖ ਸੰਸਥਾ ਕੋਲ ਪਹੁੰਚ ਕੀਤੀ ਸੀ। ਉਨ੍ਹਾਂ ਕਿਹਾ ਕਿ ਗਵਾਹ ਨੇ ਇਹ ਵੀ ਦੱਸਿਆ ਸੀ ਕਿ ਉਸ ਦੀ ਬੇਨਤੀ ਹਾਲੇ ਪੈਂਡਿੰਗ ਪਈ ਹੈ ਤੇ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਨੌਕਰੀ ਦੀ ਕੋਈ ਪੇਸ਼ਕਸ਼ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੇਰੇ ਵਕੀਲ ਇਸ ਕੇਸ ਦੀ ਜਾਂਚ ਕਰ ਰਹੇ ਹਨ ਤਾਂ ਕਿ ਪਤਾ ਲਾਇਆ ਜਾਵੇ ਕਿ ਕਿਤੇ ਮੈਨੂੰ ਬਦਨਾਮ ਕਰਨ ਲਈ ਕੋਈ ਵੱਡੀ ਸਾਜ਼ਿਸ਼ ਤਾਂ ਨਹੀਂ ਰਚੀ ਜਾ ਰਹੀ।

# ਸੜਕ ਹਾਦਸੇ ਵਿੱਚ ਅੱਪਰਾ ਵਾਸੀ ਔਰਤ ਦੀ ਮੌਤ

ਅੱਪਰਾ, 19 ਅਪ੍ਰੈਲ (ਪੋਸਟ ਬਿਊਰੋ)- ਇੱਕ ਸੜਕ ਹਾਦਸੇ ਦੌਰਾਨ ਕੱਲ੍ਹ ਅੱਪਰਾ ਦੀ ਇੱਕ 52 ਸਾਲਾ ਔਰਤ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਅੱਪਰਾ ਦੇ ਮਦਨ ਨਾਲ ਆਪਣੀ ਪਤਨੀ ਕੁਲਵੰਤ ਕੌਰ ਨਾਲ ਮੋਟਰਸਾਈਕਲ ਉੱਤੇ ਰਾਜਾ ਸਾਹਿਬ (ਮਜਾਰਾ ਨੌ ਆਬਾਦ) ਦੇ ਧਾਰਮਿਕ ਅਸਥਾਨ ਉੱਤੇਚੱਲੇ ਸਨ ਕਿ ਇੱਕ ਟਰੱਕ ਦਾਣਾ ਮੰਡੀ ਮੁਕੰਦਪੁਰ ਤੋਂ ਬੰਗਾ ਵੱਲ ਜਾ ਰਿਹਾ ਸੀ ਅਤੇ ਜਿਸ ਨੂੰ ਅਮਰਜੀਤ ਸਿੰਘ ਵਾਸੀ ਜੀਂਦੋਵਾਲ ਚਲਾ ਰਿਹਾ ਸੀ। ਤਲਵੰਡੀ ਫੱਤੂ ਨਹਿਰ ਦੇ ਪੁਲ ਨੇੜੇ ਓਵਰ ਟੇਕਿੰਗ ਕਰਦਿਆਂ ਟਰੱਕ ਮੋਟਰਸਾਈਕਲ ਨਾਲ ਵੱਜ ਗਿਆ। ਹਾਦਸੇ ਦੌਰਾਨ 52 ਸਾਲਾ ਕੁਲਵੰਤ ਕੌਰ ਦੀ ਮੌਕੇ ਉੱਤੇ ਮੌਤ ਹੋ ਗਈ। ਮੋਟਰਸਾਈਕਲ ਚਾਲਕ ਮਦਨ ਲਾਲ ਜ਼ਖ਼ਮੀ ਹੋ ਗਿਆ ਅਤੇ ਟਰੱਕ ਡਰਾਈਵਰ ਫਰਾਰ ਹੋ ਗਿਆ ਹੈ। ਐਸ ਐਚ ਓ ਮੁਕੰਦਪੁਰ ਗੁਰਮੁੱਖ ਸਿੰਘ ਨੇ ਦੱਸਿਆ ਕਿ ਕੇਸ ਦਰਜ ਕਰ ਕੇ ਟਰੱਕ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਢੀਂਡਸਾ ਤੇ ਬ੍ਰਹਮਪੁਰਾ ਦਾ ਐਲਾਨ: 1 ਮਈ ਤੋਂ ਨਵੀਂ ਸਾਂਝੀ ਪਾਰਟੀ ਬਣਾ ਕੇ ਪੰਜਾਬ ਨੂੰ ਚੌਥਾ ਫਰੰਟ ਦਵਾਂਗੇ



ਚੰਡੀਗੜ੍ਹ, 19 ਅਪਰੈਲ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ ਅਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਜੱਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਸਾਬਕਾ ਕੈਬਨਿਟ ਮੰਤਰੀ ਨੇ ਅੱਜ ਏਥੇ ਇਕਜੁੱਟਤਾ ਪ੍ਰਗਟ ਕਰਦੇ ਹੋਏਇਹ ਦੋਵੇਂ ਦਲ ਭੰਗ ਕਰਨ ਦਾ ਐਲਾਨ ਕਰ ਕੇ ਇੱਕ ਨਵਾਂ ਸਾਂਝਾ ਦਲ ਬਣਾ ਕੇ ਪੰਜਾਬ ਵਿੱਚ ਚੌਥੀ ਰਾਜਸੀ ਧਿਰ ਪੇਸ਼ ਕਰਨ ਦਾ ਐਲਾਨ ਕੀਤਾ ਹੈ।

ਅੱਜ ਏਥੇ ਜਾਰੀ ਪ੍ਰੈਸ ਬਿਆਨ ਵਿੱਚ ਦੋਵਾਂ ਦਲਾਂ ਦੀ ਸਾਂਝੀ 6 ਮੈਂਬਰੀ ਏਕਤਾ ਕਮੇਟੀ ਦੇ ਇੱਕਬੁਲਾਰੇ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਲੰਮੇ ਸਮੇ ਤੋਂ ਪੰਜਾਬੀਆ ਦੀ ਚਾਹਤ ਵੇਖ ਕੇ ਦੋਵਾਂ ਵੱਡੇ ਅਕਾਲੀ ਲੀਡਰਾਂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਨੇ ਸਾਂਝੀ ਤਾਲਮੇਲ ਏਕਤਾ ਕਮੇਟੀ ਬਣਾਈ ਸੀ, ਜਿਸ ਵਿੱਚਉਨ੍ਹਾਂ ਨੇ ਜਥੇਦਾਰ ਉਜਾਗਰ ਸਿੰਘ ਬਡਾਲੀ, ਮਹਿੰਦਰ ਸਿੰਘ ਹੁਸੈਨਪੁਰ, ਕਰਨੈਲ ਸਿੰਘ ਪੀਰਮੁਹੰਮਦ, ਜਗਦੀਸ਼ ਸਿੰਘ ਗਰਚਾ, ਰਣਜੀਤ ਸਿੰਘ ਤਲਵੰਡੀ ਅਤੇ ਐਡਵੋਕੇਟ ਛਿੰਦਰਪਾਲ ਸਿੰਘ ਬਰਾੜ ਨੂੰ ਸ਼ਾਮਲ ਕੀਤਾ ਸੀ। ਉਨ੍ਹਾ ਕਿਹਾ ਕਿ ਸੁਖਦੇਵ ਸਿੰਘ ਢੀਡਸਾ ਤੇ ਜਥੇਦਾਰ ਬ੍ਰਹਮਪੁਰਾ ਨੇ ਕਿਹਾ ਹੈ ਕਿ ਮਈ ਦੇ ਪਹਿਲੇ ਹਫਤੇ ਵਿੱਚ ਨਵੀਂ ਪਾਰਟੀ ਬਣਾ ਕੇ ਮਜ਼ਬੂਤ ਜਥੇਬੰਦਕ ਢਾਂਚਾ ਬਣਾਇਆ ਜਾਵੇਗਾ ਤੇ ਹਮ-ਖਿਆਲ ਪਾਰਟੀਆਂ ਨਾਲ ਤਾਲਮੇਲ ਕਰਕੇ ਪੰਜਾਬ ਵਿੱਚ ਚੌਥਾ ਫਰੰਟ ਬਣਾਉਣਗੇ, ਤਾਂ ਕਿ ਵੱਡੀਆਂ ਦੋਂਹ ਸਿਆਸੀ ਪਾਰਟੀਆਂ ਨੂੰ ਹਰਾਇਆ ਜਾ ਸਕੇ, ਜਿਨ੍ਹਾਂ ਨੇ ਇਸ ਰਾਜ ਦਾ ਬੇੜਾ ਗਰਕ ਕਰ ਦਿੱਤਾ ਹੈ। ਮਰਹੂਮ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਪੁੱਤਰ ਰਣਜੀਤ ਸਿੰਘ ਤਲਵੰਡੀ ਦੀ ਚੰਡੀਗੜ ਵਾਲੀ ਕੋਠੀ ਵਿੱਚ ਅੱਜ ਹੋਈ ਮੀਟਿੰਗ ਵਿੱਚ ਦੋਵਾਂ ਪਾਰਟੀਆਂ ਦੇ ਲੀਡਰਾਂ ਨੇ ਕਿਹਾ ਕਿ ਬਰਗਾੜੀ ਕਾਂਡ ਦੇ ਦੋਸ਼ੀ ਫੜਨ ਤੇ ਪੀੜਤਾਂ ਨੂੰ ਇਨਸਾਫ ਦੇਣ ਲਈ ਉੱਚ ਪੱਧਰੀ ਵਫਦ ਪੰਜਾਬ ਦੇ ਗਵਰਨਰ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਤੇ ਬਾਦਲ ਦੋਵੇਂ ਫਰੈਂਡਲੀ ਮੈਚ ਖੇਡਦੇ ਹਨ, ਜਿਸ ਦਾ ਖਮਿਆਜ਼ਾ ਪੰਜਾਬ ਭੁਗਤ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟਰਕਟਰ
647-998-7500 ਬਲਵਿੰਦਰ

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?


ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best


EXCLUSIVE FOR SALE IN WOODSTOCK
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'

FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
3+1 bdrms with finished Basement


Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਕਿਸਾਨ ਅੰਦੋਲਨ ਦੌਰਾਨ ਆਗੂਆਂ ਦੇ ਬਦਲਦੇ ਬਿਆਨਾਂ ਦਾ ਸਫ਼ਰ



ਦੇਸ਼ ਦੀ ਕੇਂਦਰ ਸਰਕਾਰ ਕਿਸਾਨਾਂ ਦੀਆਂ ਜਮੀਨਾਂ, ਖੇਤੀ ਅਤੇ ਉਪਜਾਂ ਦੀ ਮਾਲਕੀ ਹੌਲੀ ਹੌਲੀ ਕਰਕੇ ਨਿੱਜੀ ਕਾਰਪੋਰੇਟ ਘਰਾਣਿਆਂ ਦੇ ਕਾਬੂ ਵਿੱਚ ਲਿਆਉਣ ਲਈ ਤਾਂ ਕਈ ਸਾਲਾਂ ਤੋਂ ਸਰਗਰਮ ਸੀ ਅਤੇ ਇਸ ਲਈ ਗੁਪਤ ਯਤਨ ਵੀ ਹੋ ਰਹੇ ਸਨ ਪਰ ਪਿਛਲੇ ਸਾਲ ਦੇ ਜੂਨ ਮਹੀਨੇ ਵਿੱਚ ਕਾਲੇ ਕਾਨੂੰਨਾਂ ਦੀ ਇਹ ਬਿੱਲੀ ਥੈਲਿਓਂ ਬਾਹਰ ਆਈ ਤਾਂ ਸਾਰੇ ਦੇਸ਼ ਕਿਸਾਨਾਂ ਅਤੇ ਚਿੰਤਕਾਂ ਵਿੱਚ ਹਲਚਲ ਸ਼ੁਰੂ ਹੋ ਗਈ। ਕਰੋਨਾਂ ਮਹਾਂ ਮਾਰੀ ਦੇ ਪ੍ਰਕੋਪ ਦੇ ਬਾਵਜੂਦ ਸਰਕਾਰ ਵਲੋਂ ਪਹਿਲਾਂ ਆਰਡੀਨੈਂਸ ਜਾਰੀ ਕੀਤਾ ਅਤੇ ਭਾਰੀ ਹੰਗਾਮੇ ਨੂੰ ਅਣਗੌਲਿਆਂ ਕਰਕੇ ਕਾਹਲੀ ਵਿੱਚ ਕਾਹਲੀ ਵਿੱਚ ਰਾਸ਼ਟਰਪਤੀ ਤੋਂ ਵੀ ਮੋਹਰ ਲਗਾ ਲਈ ਤਾਂ ਵਿਰੋਧ ਵਜੋਂ ਸਤੰਬਰ ਮਹੀਨੇ ਤੋਂ ਪੰਜਾਬ ਵਿੱਚ ਰੇਲਾਂ ਰੋਕੀਆਂ ਗਈਆਂ ਅਤੇ ਥਾਂ ਥਾਂ ਧਰਨੇ- ਮੁਜਾਹਰੇ ਹੋਣ ਲੱਗੇ। ਇਹ ਸਭ ਦੋ ਮਹੀਨੇ ਤੱਕ ਜਾਰੀ ਰਿਹਾ ਪਰ ਕੇਂਦਰ ਸਰਕਾਰ ਉੱਪਰ ਕੋਈ ਅਸਰ ਨਾ ਪਿਆ ਫਿਰ ਅੱਕ ਕੇ ਕਿਸਾਨਾਂ ਨੇ ਦੇਸ਼ ਦੀ ਰਾਜਧਾਨੀ ਦਿੱਲੀ ਵੱਲ ਕੂਚ ਕਰਨ ਦਾ ਫੈਸਲਾ ਲਿਆ ਤਾਂ ਕਿ ਸਰਕਾਰ ਖਿਲਾਫ਼ ਆਵਾਜ ਹੋਰ ਬੁਲੰਦ ਤਰੀਕੇ ਨਾਲ ਉਠਾਈ ਜਾ ਸਕੇ। ਪੰਜਾਬ ਦੇ ਕਿਸਾਨਾਂ ਦੀਆਂ ਜਮੀਨਾਂ ਦੀ ਮਾਲਕੀ ਨੂੰ ਬਚਾਉਣ ਅਤੇ ਖੇਤੀ ਸਬੰਧੀ ਕੇਂਦਰ ਸਰਕਾਰ ਵਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾ ਕੇ ਦੇਸ਼ ਦੇ ਕਿਸਾਨਾਂ ਅਤੇ ਮਜਦੂਰਾਂ ਦੇ ਹੱਕਾਂ ਦੀ ਰੱਖੀ ਹਿਤ ਅਰੰਭੇ ਦੇਸ਼ ਵਿਆਪੀ ਅੰਦੋਲਨ ਦੌਰਾਨ ਸੰਘਰਸ਼ੀ ਜਥੇਬੰਦੀਆਂ ਦੇ 25 ਨਵੰਬਰ ਨੂੰ ਦਿੱਲੀ ਵੱਲ ਚਾਲੇ ਪਾਉਣਾ, ਹਰਿਆਣੇ ਸਮੇਤ ਕਈ ਰਾਜਾਂ ਦਾ ਡਟ ਕੇ ਸਾਥ ਦੇਣਾ, ਰਸਤੇ ਵਿੱਚ ਸਰਕਾਰ ਵਲੋਂ ਪਾਈਆਂ ਰੁਕਾਵਟਾਂ ਅਤੇ ਬੈਰੀਕੇਡਾਂ ਨੂੰ ਸਲੀਕੇ ਨਾਲ ਪਾਰ ਕਰਨਾ, 26 ਨਵੰਬਰ ਨੂੰ ਦਿੱਲੀ ਦਿੱਲੀ ਦੀਆਂ ਸਰਹੱਦਾਂ ਮੱਲ ਲੈਣਾ, ਦਿੱਲੀ ਦੀਆਂ ਬਰੂਹਾਂ ਤੇ ਮੋਰਚੇ ਕਾਇਮ ਕਰਨਾ, ਮੋਰਚਿਆਂ ਤੋਂ ਸਰਕਾਰ ਨੂੰ ਤਕੜੀ ਚੁਣੌਤੀ ਦੇਣਾ, ਵਿਦੇਸ਼ਾਂ ਤੋਂ ਸਿਆਸੀ ਅਤੇ ਵਿਚਾਰਧਾਰਕ ਹਮਾਇਤ ਮਿਲਣਾ, ਸਰਕਾਰ ਵਲੋਂ ਮੀਟਿੰਗਾਂ ਦੀ ਪੇਸ਼ਕਸ਼ ਆਉਣਾ, ਮੀਟਿੰਗਾਂ ਵਿੱਚ ਤਿੰਨੋਂ ਕਾਨੂੰਨਾਂ ਨੂੰ ਮਾਰੂ ਸਾਬਤ ਕਰ ਦੇਣਾ, ਇੱਕਜੁੱਟਤਾ ਅਤੇ ਤਕਨੀਕ ਨਾਲ ਸਰਕਾਰ ਦੇ ਨੈੱਟ ਹਮਲੇ ਦਾ ਭਾਂਡਾ ਭੰਨਣਾ ਅਤੇ ਇਸਨੂੰ ਟੱਕਰ ਦੇਣਾ, ਸਮੁੱਚੇ ਦੇਸ਼ ਦੀ ਅਨੇਕ ਰਾਜਾਂ ਅਤੇ ਵਰਗਾਂ ਦੇ ਨਾਲ ਖੜ੍ਹ ਜਾਣ ਨਾਲ ਅੰਦੋਲਨ ਦਾ ਕੱਦ ਬੁਲੰਦ ਹੋ ਜਾਣ ਦੇ ਬਾਵਜੂਦ ਸਫ਼ਾਈ ਤੇ ਅਨੁਸ਼ਾਸਨ ਦਾ ਕਾਇਮ ਰਹਿਣਾ ਇਸ ਅੰਦੋਲਨ ਦੀਆਂ ਮੁੱਖ ਪ੍ਰਾਪਤੀਆਂ ਸਨ। ਇਸ ਸਭ ਦੀ ਬਦੌਲਤ ਅੰਦੋਲਨ ਦੀ ਅੰਤਰ-ਰਾਸ਼ਟਰੀ ਪਛਾਣ ਬਣ ਜਾਣਾ, 26 ਜਨਵਰੀ ਦੀ



ਸੁਖਵੀਰ ਸਿੰਘ ਕੰਗ
ਪਿੰਡ : ਕੋਟਲਾ ਸ਼ਮਸ਼ਪੁਰ,
ਤਹਿਸੀਲ : ਸਮਰਾਲਾ, ਜਿਲ੍ਹਾ : ਲੁਧਿਆਣਾ
85678-72291

ਟਰੈਕਟਰ ਪਰੇਡ ਦੀ ਧੁੰਮ ਅਤੇ ਵਿਸ਼ਵ ਪ੍ਰਸਿੱਧ ਹਸਤੀਆਂ ਦਾ ਦੇਸ਼ ਦੇ ਕਿਸਾਨ ਅੰਦੋਲਨ ਦੇ ਪੱਖ ਵਿੱਚ ਟਵੀਟ ਕਰਨਾ ਆਦਿ ਇਸ ਕਿਸਾਨ ਅੰਦੋਲਨ ਦੀ ਸਿਖਰ ਮੰਨੇ ਜਾ ਸਕਦੇ ਹਨ। ਇਸ ਅੰਦੋਲਨ ਦੇ ਵਰਤਾਰਿਆਂ ਦੇ ਬਦਲਦੇ ਰੰਗ ਖਿੱਚ ਦਾ ਕੇਂਦਰ ਬਣੇ ਰਹੇ ਹਨ।

ਕਿਸਾਨ ਅੰਦੋਲਨ ਦੇ ਇਸ ਸਾਰੇ ਸਫ਼ਰ ਦੌਰਾਨ ਵਰਤੇ ਬਹੁਤ ਸਾਰੇ ਵਰਤਾਰਿਆਂ ਨੇ ਲੋਕਾਂ ਦਾ ਬਹੁਤ ਧਿਆਨ ਖਿੱਚਿਆ। ਇਹਨਾਂ ਵਰਤਾਰਿਆ ਵਿੱਚੋਂ ਸਭ ਤੋਂ ਅਹਿਮ ਵਰਤਾਰਾ ਉੱਭਰ ਕੇ ਸਾਹਮਣੇ ਆਉਂਦਾ ਹੈ - ਉਹ ਹੈ ਕਿਸਾਨ ਅੰਦੋਲਨ ਦੇ ਆਗੂਆਂ ਦੇ ਬਿਆਨ। ਜਦੋਂ ਕਿਸਾਨ ਦੇ ਹੱਕਾਂ ਤੇ ਪੈਣ ਵਾਲੇ ਡਾਕੇ ਦਾ ਪਰਦਾ ਫਾਸ਼ ਹੋਇਆ ਤਾਂ ਆਮ ਦੀ ਤਰ੍ਹਾਂ ਕਿਸਾਨ ਜਥੇਬੰਦੀਆਂ ਆਪੋ ਆਪਣੇ ਵਰਕਰਾਂ ਅਤੇ ਝੰਡਿਆਂ ਸਮੇਤ ਧਰਨੇ ਮੁਜਾਹਰੇ ਕਰਕੇ ਆਪਣੇ ਵੱਖ-ਵੱਖ ਜੱਦੀ ਜਾਂ ਪ੍ਰਭਾਵ ਵਾਲੇ ਹਲਕਿਆਂ ਵਿੱਚ ਲੋਕਾਂ ਨੂੰ ਲਾਮਬੰਦ ਕਰਨ ਲੱਗੀਆਂ। ਅਰੰਭ ਵਿਚ ਆਗੂਆਂ ਦੀ ਸਰਗਰਮੀ ਅਤੇ ਬਿਆਨ ਰਵਾਇਤੀ ਝੰਡਾਵਾਦੀ ਸੁਰ ਵਾਲੇ ਸਨ। ਇੱਕ ਹੀ ਧਰਨੇ-ਮੁਜਾਹਰੇ ਵਿਚ ਕਈ-ਕਈ ਜਥੇਬੰਦੀਆਂ ਦੇ ਝੰਡੇ ਦੇਖਣ ਨੂੰ ਮਿਲਦੇ ਸਨ। ਵੱਖ-ਵੱਖ ਇਲਾਕਿਆ ਵਿੱਚ ਹੋਂਦ ਰੱਖਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਬਿਆਨ ਨਿੱਜੀ ਵਿਚਾਰਧਾਰਾ ਉੱਪਰ ਅਧਾਰਿਤ ਸਨ ਅਤੇ ਇਹਨਾਂ ਦਾ ਵਿਸ਼ਾ ਖੇਤੀ ਸਬੰਧੀ ਮੁਸ਼ਕਿਲਾਂ ਤੱਕ ਹੀ ਸੀਮਤ ਹੁੰਦਾ ਸੀ। ਫਿਰ ਰੇਲ ਰੋਕੋ ਮੁਹਿੰਮ ਅਧੀਨ ਰੇਲਵੇ ਲਾਈਨਾਂ ਅਤੇ ਸਟੇਸ਼ਨਾਂ ਉੱਪਰ ਧਰਨੇ ਲਗਾਏ ਗਏ ਨਾਲ ਹੀ ਰਾਜ ਅੰਦਰ ਚੱਲ ਰਹੇ ਟੌਲ-ਪਲਾਜ਼ਿਆਂ ਨੂੰ ਬੰਦ ਕਰਾਉਣ ਲਈ ਵੀ ਧਰਨੇ ਲਗਾਏ ਗਏ ਇਸ ਪੜਾਅ ਤੱਕ ਆਗੂਆਂ ਅਤੇ ਬੁਲਾਰਿਆਂ ਦੇ ਬਿਆਨ ਆਪਣੀ ਪੱਧਰ ਦੀ ਲਾਮਬੰਦੀ ਵਾਲੇ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦੁਆਲੇ ਹੀ ਘੁੰਮਦੇ ਸਨ। ਇਹਨਾਂ ਧਰਨਿਆਂ ਉੱਪਰ ਵੱਖ-ਵੱਖ ਪਿੰਡਾਂ ਦੇ ਸਭ ਜਥੇਬੰਦੀਆਂ ਨਾਲ ਸਬੰਧਤ ਲੋਕ ਇੱਕੋ ਥਾਂ ਇਕੱਠੇ ਬੈਠਦੇ ਸਨ ਤਾਂ ਇਹਨਾਂ ਧਰਨਿਆਂ ਉੱਪਰ ਦਿਖਾਈ ਦਿੰਦੇ ਵੱਖੋ-ਵੱਖਰੇ ਝੰਡਿਆਂ ਦੀ ਮੌਜੂਦਗੀ ਆਮ ਲੋਕਾਂ ਨੂੰ ਚੁਭਣ ਲੱਗੀ ਅਤੇ ਵੱਖਰੇ ਝੰਡੇ ਲੈ ਕੇ ਇੱਕੋ ਧਰਨੇ ਤੇ ਬੈਠਣਾ ਉਹਨਾਂ ਦੀ ਸਾਂਝ ਨੂੰ ਠੇਸ ਪਹੁੰਚਾਉਂਦਾ ਸੀ। ਕਿਸਾਨਾਂ ਦੇ ਆਪਸੀ ਏਕੇ ਵਿੱਚ ਰੁਕਾਵਟ ਬਣ ਰਹੇ ਇਹ ਝੰਡੇ ਵੀ ਧਰਨਿਆਂ ਵਿੱਚ ਘੱਟ ਦਿਖਾਈ ਦੇਣ ਲੱਗੇ ਇਸ ਨਾਲ ਕਿਸਾਨ ਆਗੂਆਂ ਦੇ ਬਿਆਨਾਂ ਨੂੰ ਵੀ ਸਾਂਝੇ ਯਤਨਾਂ ਲਈ ਪ੍ਰੇਰਿਤ ਕਰਨ ਦੀ ਪੁੱਠ ਚੜ੍ਹਨ ਲੱਗੀ ਜੋ ਅੱਗੇ ਚੱਲ ਕੇ ਇੱਕ ਸਾਂਝਾ ਮੋਰਚਾ ਬਣਾਉਣ ਵਿੱਚ ਕਾਫੀ ਸਹਾਈ ਹੋਈ ਅਤੇ ਖਿਲਰੀ ਹੋਈ ਕਿਸਾਨ ਅਗਵਾਈ ਨੂੰ ਘੱਟੋ-ਘੱਟ ਇੱਕ ਸਾਂਝਾ ਝੰਡਾ ਨਸੀਬ ਹੋਇਆ। ਇਸ ਪੜਾਅ ਤੇ ਕਿਸਾਨ ਆਗੂਆਂ ਨੇ ਖੇਤੀ ਕਾਨੂੰਨਾਂ ਦੀਆਂ ਡੂੰਘੀਆਂ ਰਮਜਾਂ ਅਤੇ ਮਾਰਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਸੀ ਹੁਣ ਉਹਨਾਂ ਦੇ ਬਿਆਨ ਲਾਮਬੰਦੀ, ਖੇਤੀ ਨੂੰ ਦਰਪੇਸ਼ ਚੁਣੌਤੀਆ ਵਿਚਾਰਨ ਦਾ ਨਾਲ ਨਾਲ ਨਵੇਂ ਆ ਰਹੇ ਖੇਤੀ ਕਾਨੂੰਨਾਂ ਤੋਂ ਪੈਦਾ ਹੋਣ ਵਾਲੇ ਖਤਰਿਆਂ ਦਆਲੇ ਕੇਂਦਰਤ ਹੋਣੇ ਸ਼ੁਰੂ ਹੋ ਗਏ। ਕੁੱਝ ਆਗੂਆਂ ਨੇ ਪਹਿਲਾਂ ਹੀ ਅਤੇ ਕੁੱਝ ਨੇ ਇਕ ਦੂਸਰੇ ਦੇ ਸੰਪਰਕ ਨਾਲ ਖੇਤੀ ਕਾਨੂੰਨਾਂ ਨੂੰ ਘੋਖਣਾ ਅਤੇ ਵਿਚਾਰਨਾਂ ਸ਼ੁਰੂ ਕੀਤਾ ਤਾਂ ਕਿ ਆਮ ਕਿਸਾਨਾਂ ਨੂੰ ਇਹਨਾਂ ਦੀ ਗੰਭੀਰਤਾ ਬਾਰੇ ਸੁਚੇਤ ਕੀਤਾ ਜਾ ਸਕੇ। ਇਸ ਸਮੇਂ ਤੱਕ ਕਿਸਾਨ ਸੰਘਰਸ਼ ਪੰਜਾਬ ਦੇ ਸਭ ਜਿਲ੍ਹਿਆਂ ਤੋਂ ਵੱਖਰੇ- ਵੱਖਰੇ ਮੁਹਾਜ਼ਾਂ ਤੋਂ ਆਪੋ ਆਪਣੇ ਤਰੀਕੇ ਨਾਲ ਲੜਿਆ ਜਾ ਰਿਹਾ ਸੀ। ਮੁਹਾਜਾਂ ਦੀ ਆਪਸੀ ਦੂਰੀ ਅਤੇ ਵੱਖਰੀਆਂ ਵਿਚਾਰਧਾਰਾਵਾਂ ਹੋਣ ਦੇ ਬਾਵਜੂਦ ਸਭ ਦਾ ਮਕਸਦ ਸਾਂਝਾ ਸੀ ਜਿਸ ਨਾਲ ਜਿਸ ਨਾਲ ਕਿਸਾਨ ਆਗੂਆਂ ਦੇ ਬਿਆਨਾਂ ਨੂੰ ਏਕਤਾ ਦੀ ਰੰਗਤ ਚੜ੍ਹਨ ਲੱਗੀ। ਪੂਰੇ ਪੰਜਾਬ ਅੰਦਰ ਚੱਲ ਰਹੇ ਪਰਸਪਰ ਮੁਕਾਬਲੇ ਦੇ ਮੋਰਚਿਆਂ ਦੀ ਹੀ ਦੇਣ ਸੀ ਕਿ ਕਿਸਾਨ ਆਗੂ ਬਹੁਤ ਸੋਚ ਸਮਝ ਕੇ ਬਿਆਨ ਦੇ ਰਹੇ ਸਨ ਇਮਾਨਦਾਰ ਅਗਵਾਈ ਦੇ ਪਾਬੰਦ ਬਣੇ ਹੋਏ ਸਨ। ਇਸ ਮੁਕਾਮ ਤੇ ਕਿਸਾਨ ਆਗੂਆਂ ਦੇ ਬਿਆਨ ਸੰਭਲੇ ਹੋਏ, ਜਿੰਮੇਵਾਰ, ਏਕੇ ਦੇ ਹਾਮੀ ਅਤੇ ਖੇਤੀ ਕਨੂੰਨਾਂ ਤੋਂ ਪੈਦਾ ਹੋਣ ਵਾਲੀਆਂ ਪ੍ਰਸਥਿਤੀਆਂ ਤੋਂ ਕਿਸਾਨਾਂ ਤੋਂ ਇਲਾਵਾ ਬਾਕੀ ਸਬੰਧਤ ਵਰਗਾਂ ਨੂੰ ਜਾਗ੍ਰਿਤ ਕਰਨ ਦੇ ਸਮਰੱਥ ਹੋ ਗਏ ਸਨ ਪਰ ਆਪਸੀ ਦੂਰੀ ਕਾਰਨ ਹਾਲੇ ਜਥੇਬੰਦੀ ਅਤੇ ਵਿਚਾਰਧਾਰਾ ਦੇ ਅਸਰ ਨੇ ਪਿੱਛਾ ਨਹੀਂ ਸੀ ਛੱਡਿਆ। ਹੁਣ ਤੱਕ ਬਹੁਤ ਲਾਮਬੰਦੀ ਹੋ ਚੁੱਕੀ ਸੀ ਅਤੇ ਕਿਸਾਨਾਂ ਨਾਲ ਮਜ਼ਦੂਰ ਵਰਗ ਵੀ ਮਿਲ ਚੁੱਕਾ ਸੀ । ਧਰਨਿਆਂ ਅਤੇ ਮੋਰਚਿਆਂ ਉੱਪਰ ਕਿਸਾਨਾਂ ਦੇ ਨਾਲ ਨਾਲ ਹੋਰ ਵਰਗ ਵੀ ਵੱਡੀ ਗਿਣਤੀ ਵਿੱਚ ਜੁੜਨ ਲੱਗੇ । ਵੱਖ ਵੱਖ ਖੇਤਰਾਂ ਦੇ ਚਿੰਤਕਾਂ, ਬੁੱਧੀਜੀਵੀਆਂ, ਵਿਦਵਾਨਾਂ ਅਤੇ ਕਲਾਕਾਰ ਹਸਤੀਆਂ ਦੇ ਮੋਰਚਿਆਂ ਵਿਚ ਸ਼ਮੂਲੀਅਤ ਕਰਨ ਨਾਲ ਅੰਦੋਲਨ ਅਤੇ ਆਗੂਆਂ ਨੂੰ ਬਹੁਤ ਤਾਕਤ ਮਿਲੀ ਅਤੇ ਅੰਦੋਲਨ ਨੂੰ ਨਵੇਂ ਬੁਲਾਰੇ ਮਿਲੇ ਇਸ ਨਾਲ ਮੁਹਾਜ਼ਾਂ ਦੀ ਆਵਾਜ ਹੋਰ ਵੀ ਪ੍ਰਚੰਡ ਹੋ ਗਈ ਇਸ ਨਾਲ ਆਗੂਆਂ ਦੇ ਬਿਆਨ ਆਤਮ ਵਿਸ਼ਵਾਸ ਨਾਲ ਭਰ ਗਏ ਸਨ। ਅੰਦੋਲਨ ਹੁਣ ਜਵਾਨ ਹੋ ਚੁੱਕਿਆ ਸੀ ਅਤੇ ਮੋਰਚਿਆਂ ਤੋਂ ਅੰਦੋਲਨ ਦੀ ਤੀਬਰਤਾ ਵਧਾਉਣ ਦੇ ਹੌਸਲੇ ਭਰਪੂਰ ਅਤੇ ਏਕੇ ਵਾਲੇ ਬਿਆਨ ਆਉਣੇ ਸ਼ੁਰੂ ਹੋਏ। ਸਾਂਝੇ ਲੋਕਾਂ ਅਤੇ ਸਾਂਝੇ ਚਿੰਤਕਾਂ ਦੀ ਮੌਜੂਦਗੀ ਸਦਕਾ ਕਿਸਾਨ ਜਥੇਬੰਦੀਆਂ ਦੀ ਨੇੜਤਾ ਵਧਣ ਲੱਗੀ ਜਿਸ ਨਾਲ ਏਕਤਾ, ਸਾਂਝੀ ਨੀਤੀ ਅਤੇ ਸਾਂਝੇ ਪ੍ਰੋਗਰਾਮਾਂ ਦੀ ਲੋੜ ਮਹਿਸੂਸ ਹੋਈ ਅਤੇ ਖਿੱਲਰੇ ਹੋਏ ਸੰਘਰਸ਼ ਦਾ ਕੇਂਦਰ ਸਰਕਾਰ ਤੇ ਅਸਰ ਨਾ ਹੁੰਦਾ ਦੇਖ ਕੇ ਸਾਰੀਆਂ ਜਥੇਬੰਦੀਆਂ ਅਤੇ ਮੋਰਚਿਆਂ ਨੇ ਸਾਂਝੀ ਰਣਨੀਤੀ ਬਣਾਈ ਅਤੇ ਦਿੱਲੀ ਕੂਚ ਕਰਨ ਦਾ ਪ੍ਰੋਗਰਾਮ ਤੈਅ ਹੋਇਆ। ਹੁਣ ਆਗੂਆਂ ਦੇ ਬਿਆਨਾਂ ਨੂੰ ਭਰੋਸੇ ਤੇ ਏਕਤਾ ਦਾ ਬਲ ਮਿਲ ਚੁੱਕਾ ਸੀ ਅਤੁ ਹੁਣ ਉਹ ਉੱਪਰਲੀ ਸੁਰ ਵਿਚ ਹੋ ਚੁੱਕੇ ਸਨ। ਇਸ ਪੜਾਅ ਤੇ ਕਿਸਾਨ ਆਗੂਆਂ ਦੇ ਬਿਆਨ ਆਪਣੇ ਵਰਕਰਾਂ, ਕਿਸਾਨਾਂ ਅਤੇ ਹੋਰ ਲੋਕਾਂ ਨੂੰ ਉਤਸ਼ਾਹਿਤ ਕਰਕੇ ਵੱਡੀ ਗਿਣਤੀ ਵਿੱਚ ਨਾਲ ਤੋਰਨ, ਉਹਨਾਂ ਵਿੱਚ ਜੋਸ਼ ਭਰਨ ਅਤੇ ਹੱਲਾ ਬੋਲ ਤਿਆਰੀ ਕਰਨ ਲਈ ਪ੍ਰੇਰਨ ਵਾਲੇ ਸਨ।

ਪੰਜਾਬ ਦੇ ਕਿਸਾਨਾਂ ਦੇ ਦਿੱਲੀ ਕੂਚ ਦੌਰਾਨ ਸਰਕਾਰ ਵਲੋਂ ਪਈਆਂ ਭਾਰੀ ਰੁਕਾਵਟਾਂ ਨੂੰ ਪਾਰ ਕਰਨ ਵਿੱਚ ਪੰਜਾਬ ਦੇ ਨੌਜਵਾਨ ਵਰਗ ਨੇ ਲਾਸਾਨੀ ਹਿੰਮਤ ਦਿਖਾਈ ਅਤੇ ਆਪਣੇ ਉੱਪਰ ਲੰਬੇ ਸਮੇਂ ਤੋਂ ਲਗਦੇ ਆ ਰਹੇ ਦਾਗ ਧੋ ਦਿੱਤੇ । ਹਰਿਆਣੇ ਦੀ ਭਰਪੂਰ ਹਮਾਇਤ ਸਦਕਾ ਕਿਸਾਨਾਂ ਦੇ ਮੋਰਚੇ ਕੇਂਦਰ ਸਰਕਾਰ ਦੀ ਨੀਅਤ ਨੂੰ ਭਾਂਪਦਿਆਂ ਦਿੱਲੀ ਦੀਆਂ ਸਰਹੱਦਾਂ ਤੇ ਡਟ ਗਏ ਅਤੇ ਸਟੇਜਾਂ ਸਜਾ ਲਈਆਂ ਗਈਆਂ। ਇੱਥੇ ਟਿਕ ਜਾਣ ਤੇ ਕਿਸਾਨ ਆਗੂਆਂ ਦੇ ਬਿਆਨਾਂ ਵਿੱਚ ਬੁਲੰਦ ਹੌਸਲੇ ਅਤੇ ਆਤਮ ਵਿਸ਼ਵਾਸ ਹੋਰ ਵਧ ਗਿਆ। ਅੰਦੋਲਨ ਦੇ ਸ਼ਾਂਤਮਈ, ਅਨੁਸ਼ਾਸਿਤ ਅਤੇ ਹੱਕੀ ਹੋਣ ਕਾਰਨ ਇਸ ਨੂੰ ਦੇਸ਼ ਦੇ ਅੰਦਰੋਂ ਅਤੇ ਬਾਹਰੋਂ ਭਰਵੀਂ ਹਮਾਇਤ ਮਿਲਣੀ ਆਰੰਭ ਹੋ ਗਈ ਤਾਂ ਕਿਸਾਨ ਆਗੂਆਂ ਦੇ ਬਿਆਨ ਦੇਸ਼ ਦੀ ਮੁੱਖ ਵਿਰੋਧੀ ਧਿਰ ਦੇ ਹਾਣ ਦੇ ਹੋ ਗਏ ਕਿਉਂਕਿ ਵਿਰੋਧੀ ਧਿਰ ਦੀ ਭੂਮਿਕਾ ਨਦਾਰਦ ਹੀ ਰਹੀ। ਇਸ ਪੜਾਅ ਤੇ ਪੂਰੇ ਦੇਸ਼ ਹੀ ਨਹੀਂ ਬਲਕਿ ਦੁਨੀਆਂ ਦੇ ਕੰਨ ਕਿਸਾਨ ਆਗੂਆਂ ਦੇ ਬਿਆਨਾਂ ਵੱਲ ਲੱਗੇ ਹੋਏ ਸਨ। ਕਿਸਾਨ ਮੋਰਚੇ ਦੀ ਹਰ ਗੱਲ ਅਤੇ ਹਰ ਗਤੀ ਵਿਧੀ ਸੁਰਖੀ ਬਣਨ ਲੱਗੀ। ਕਿਸਾਨ ਅੰਦੋਲਨ ਦੇ ਇਸ ਹੱਦ ਤੱਕ ਪਹੁੰਚ ਜਾਣ ਅਤੇ ਇਸਦਾ ਕੱਦ ਵਿਸ਼ਵ ਪੱਧਰ ਤੱਕ ਉੱਚਾ ਹੋ ਜਾਣ ਦਾ ਕਿਆਸ ਤਾਂ ਆਗੂਆਂ ਨੇ ਵੀ ਨਹੀਂ ਲਗਾਇਆ ਸੀ। ਇਥੇ ਇੱਕ ਵਿਲੱਖਣ ਚੀਜ ਵੀ ਦੇਖਣ ਨੂੰ ਮਿਲੀ ਕਿ ਅੰਦੋਲਨ ਦੇ ਅੰਦਰ ਹੀ ਇੱਕ ਮੁਕਾਬਲੇ ਦਾ ਦਬਾਓ ਸਮੂਹ ਪਰਗਟ ਹੋ ਚੁੱਕਾ ਸੀ ਜੋ ਆਗੂਆਂ ਦੀ ਹਰ ਗਤੀ ਵਿਧੀ ਨੂੰ ਵਾਚ ਰਿਹਾ ਸੀ। ਜਿਸ ਸਦਕਾ ਆਗੂਆਂ ਦੇ ਯਤਨ, ਬਿਆਨ ਅਤੇ ਰਵੱਈਆ ਲੋਕ ਤਰਜਮਾਨੀ ਨਾਲ ਲਬਾਲਬ ਸੀ। ਫਿਰ ਸਰਕਾਰ ਵਲੋਂ ਗੱਲਬਾਤ ਦਾ ਸੱਦਾ ਆਇਆ ਅਤੇ ਮੀਟਿੰਗਾਂ ਦਾ ਦੌਰ ਕਾਫੀ ਸਮਾਂ ਚੱਲਿਆ ਤਾਂ ਹਰ ਮੀਟਿੰਗ ਤੋਂ ਬਾਅਦ ਦੇ ਆਗੂਆਂ ਦੇ ਬਿਆਨ ਕਾਫੀ ਖਿੱਚ ਦਾ ਕੇਂਦਰ ਰਹੇ। ਇੱਥੋਂ ਕਿਸਾਨ ਆਗੂਆਂ ਦੇ ਬਿਆਨਾਂ ਨੂੰ ਸ੍ਵੈ-ਸਿਫ਼ਤੀ ਅਤੇ ਸਿਆਸੀ ਵਲੇਵੇਂਦਾਰ ਪੁੱਠ ਚੜ੍ਹਨ ਲੱਗੀ। ਮੀਟਿੰਗਾਂ ਦੇ ਦੌਰ ਦੇ ਸ਼ੁਰੂ ਵਿੱਚ ਤਾਂ ਉਹਨਾਂ ਦੇ ਬਿਆਨਾਂ ਵਿੱਚ ਹੋਈ ਗੱਲਬਾਤ ਦਾ ਵੇਰਵਾ ਹੀ ਹੁੰਦਾ ਸੀ ਪਰ ਹੌਲੀ ਹੌਲੀ ਰੁਤਬਾ ਵਧਣ ਨਾਲ ਪਹੁੰਚ ਦੀ ਹਉਮੈ ਭਾਰੂ ਹੋ ਗਈ। ਇਸ ਪੜਾਅ ਤੇ ਉਹਨਾਂ ਨੂੰ ਅੰਦੋਲਨ ਦੇ ਕੱਦ ਅਨੁਸਾਰ ਵਿਸ਼ਾਲ ਵਿਚਾਰਧਾਰਾ ਵਾਲੇ ਦਾਇਰੇ ਦੀ ਤਪੱਸਿਆ ਦੀ ਲੋੜ ਸੀ ਪਰ ਉਹ ਆਪਣੇ ਬਿਆਨਾਂ ਨੂੰ ਨਿੱਜੀ ਵਿਚਾਰਧਾਰਾ ਦਾ ਰੰਗ ਦੇਣ ਵਿੱਚ ਰੁੱਝ ਗਏ ਜਦਕਿ ਲੋੜ ਸਰਬ ਸਾਂਝੀ ਵਿਚਾਰਧਾਰਾ ਅਪਨਾਉਣ ਦੀ ਸੀ। ਇਸ ਪੜਾਅ ਤੇ ਕਿਸਾਨ ਆਗੂ ਕੋਈ ਵੀ ਦਖ਼ਲ ਜਾਂ ਮੁਕਾਬਲਾ ਬਰਦਾਸ਼ਤ ਕਰਨ ਦੇ ਰੌਂਅ ਵਿੱਚ ਦਿਖਾਈ ਨਹੀਂ ਦਿੰਦੇ ਸਨ ਹੁਣ ਉਹਨਾਂ ਦੇ ਬਿਆਨਾਂ ਵਿੱਚ ਉੱਚਤਾ ਦੀ ਭਾਵਨਾ ਦਿਖਾਈ ਦੇਣ ਲੱਗੀ ਸੀ।

ਫਿਰ 26 ਜਨਵਰੀ ਦੀ ਟਰੈਕਟਰ ਪਰੇਡ ਦਾ ਪ੍ਰੋਗਰਾਮ ਬਣਿਆ ਜਿਸ ਦੌਰਾਨ ਲਾਲ ਕਿਲ੍ਹੇ ਤੇ ਕਿਸਾਨੀ ਅਤੇ ਖਾਲਸਈ ਝੰਡੇ ਲਹਿਰਾਉਣ ਦੀ ਘਟਨਾ ਵੀ ਵਾਪਰੀ। ਇਸ ਘਟਨਾ ਨੇ ਵੀ ਕਿਸਾਨ ਅੰਦੋਲਨ ਅਤੇ ਕਿਸਾਨ ਆਗੂਆਂ ਦੇ ਬਿਆਨਾਂ ਵਿੱਚ ਇੱਕ ਨਵਾਂ ਮੋੜ ਲਿਆਂਦਾ। ਇਸ ਮੋੜ ਤੇ ਲਗਾਤਾਰ ਕਈ ਦਿਨ ਅੰਦੋਲਨ ਵਿੱਚ ਘਟਨਾਵਾਂ ਦੀ ਝੜੀ ਲੱਗੀ ਰਹੀ ਜਿਹਨਾਂ ਨੇ ਅੰਦੋਲਨ ਅਤੇ ਆਗੂਆਂ ਦੇ ਬਿਆਨਾਂ ਨੂੰ ਇਕ ਦਮ ਬਦਲ ਕੇ ਰੱਖ ਦਿੱਤਾ। ਸਰਕਾਰ ਅਤੇ ਸਰਕਾਰੀ ਮੀਡੀਏ ਦੇ ਇਸ ਘਟਨਾ ਨੂੰ ਹਿੰਸਾ ਵਾਲੀ ਰੰਗਤ ਦੇ ਕੇ ਪਰਚਾਰਿਆ ਜਿਸ ਦੇ ਪ੍ਰਭਾਵ ਅਧੀਨ ਕਿਸਾਨ ਆਗੂਆਂ ਦੇ ਬਿਆਨ ਡਰ, ਸਹਿਮ ਅਤੇ ਦਹਿਸ਼ਤ ਦੇ ਸਾਏ ਹੇਠ ਹੋ ਗਏ ਅਤੇ ਉਹਨਾਂ ਨੇ ਸਰਕਾਰ ਵਾਲੀ ਬੋਲੀ ਬੋਲਦਿਆਂ ਬਿਆਨਾਂ ਦਾ ਰੁਖ ਮੌਕਾਪ੍ਰਸਤੀ ਅਤੇ ਆਪਸੀ ਭੰਡੀ ਵੱਲ ਕਰ ਲਿਆ ਜਿਸ ਦੇ ਨਤੀਜੇ ਵਜੋਂ ਕਿਸਾਨ ਆਗੂਆਂ ਨੂੰ ਟੱਕਰ ਅਤੇ ਦਖ਼ਲ ਦੇ ਕੇ ਟਿਕਾਣੇ ਰੱਖਣ ਵਾਲੀਆਂ ਧਿਰਾਂ ਸਰਕਾਰੀ ਅਤੇ ਸਿਆਸੀ ਦਮਨ ਦਾ ਸ਼ਿਕਾਰ ਹੋ ਗਈਆਂ। ਇਸ ਨਵੇਂ ਦੌਰ ਦੌਰਾਨ ਕਿਸਾਨ ਆਗੂਆਂ ਦੇ ਬਿਆਨਾਂ ਦਾ ਰੁਖ ਸਰਕਾਰ ਵਲੋਂ ਭਟਕ ਕੇ ਆਪਣਿਆਂ ਵੱਲ ਹੋ ਗਿਆ ਜੋ ਅੰਦੋਲਨ ਵਾਸਤੇ ਸਭ ਤੋਂ ਮਾੜਾ ਵਰਤਾਰਾ ਸਾਬਤ ਹੋਇਆ ।ਇਸ ਘਟਨਾਕ੍ਰਮ ਦੌਰਾਨ ਕਿਸਾਨ ਆਗੂਆਂ ਦੇ ਬਿਆਨਾਂ ਉੱਪਰ ਆਪਸੀ ਖਿੱਚੋਤਾਣ, ਨਿੱਜੀ ਹੈਂਕੜ, ਗੁੰਮਰਾਹਕੁੰਨ ਬਿਰਤਾਂਤ ਅਤੇ ਨਾ-ਮਿਲਵਰਤਨ ਵਾਲੀ ਭਾਵਨਾਂ ਭਾਰੂ ਹੋ ਗਈ ਸੀ ਜੋ ਹਾਲੇ ਤੱਕ ਵੀ ਜਾਰੀ ਹੈ । ਆਗੂਆਂ ਦੀ ਨੌਜਵਾਨਾਂ ਅਤੇ ਬਰਾਬਰ ਦੀਆਂ ਜਥੇਬੰਦੀਆਂ ਬਾਰੇ ਦਿੱਤੇ ਕੌੜੇ-ਕਸੈਲੇ ਬਿਆਨਾਂ ਨਾਲ ਅੰਦੋਲਨ ਵਿੱਚੋਂ ਨੌਜਵਾਨਾਂ ਦੀ ਗਿਣਤੀ ਘਟਣ ਲੱਗੀ ਸੀ ਪਰ ਫਿਰ ਵੀ ਕਿਸਾਨ ਆਗੂਆਂ ਦੇ ਪਰਦਾ ਪਾਊ ਬਿਆਨ ਆਉਂਦੇ ਰਹੇ। 26 ਜਨਵਰੀ ਦੀਆਂ ਘਟਨਾਵਾਂ ਅਤੇ ਸਰਕਾਰੀ ਤਸ਼ੱਦਦ ਦੇ ਸ਼ਿਕਾਰ ਬੇਕਸੂਰ ਨੌਜਵਾਨਾਂ ਪ੍ਰਤੀ ਕਿਸਾਨ ਆਗੂਆਂ ਦੇ ਬਿਆਨਾਂ ਅਤੇ ਯਤਨਾਂ ਵਿੱਚੋਂ ਹਮਦਰਦੀ ਦੀ ਅਣਹੋਂਦ ਵੀ ਸੰਘਰਸ਼ੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣੀ। ਕਿਸਾਨ ਆਗੂ ਬਿਆਨਾਂ ਵਿੱਚ ਚਾਹੇ ਨਹੀਂ ਮੰਨੇ ਪਰ ਇਸ ਵਰਤਾਰੇ ਤੋਂ ਬਾਅਦ ਇੱਕ ਵਾਰ ਨੌਜਵਾਨਾਂ ਦਾ ਮੋਰਚਿਆਂ ਤੋਂ ਮੋਹ ਵੀ ਭੰਗ ਹੋਇਆ। ਪਹਿਲਾਂ ਕਿਸਾਨ ਮੋਰਚਿਆਂ ਦੀ ਰੌਣਕ ਆਪ ਮੁਹਾਰੇ ਗਏ ਲੋਕ ਸਨ ਪਰ ਹੁਣ ਆਗੂਆਂ ਨੂੰ ਕਿਸਾਨਾਂ ਅਤੇ ਆਮ ਲੋਕਾਂ ਨੂੰ ਆਵਾਜਾਂ ਮਾਰਨ ਵਾਲੇ ਬਿਆਨ ਦੇਣੇ ਪੈ ਰਹੇ ਸਨ। ਕਿਸਾਨ ਆਗੂਆਂ ਵਲੋਂ ਨਦਾਰਦ ਅਤੇ ਤਿਰਸਕਾਰੇ ਹੋਣ ਦੇ ਬਾਵਜੂਦ ਮੁਕਾਬਲੇ ਦੀਆਂ ਧਿਰਾਂ ਨੇ ਫਿਰ ਵੀ ਲੋਕਾਂ ਨੂੰ ਆਗੂਆਂ ਦੇ ਨਾਲ ਖੜ੍ਹਨ ਲਈ ਪ੍ਰੇਰਨਾ ਜਾਰੀ ਰੱਖਿਆ ਜਿਸ ਬਦੌਲਤ ਮੋਰਚਾ ਦੁਬਾਰਾ ਪੈਰਾਂ ਸਿਰ ਹੋ ਗਿਆ ਪਰ ਪੰਜਾਬ ਦੇ ਕਿਸਾਨ ਆਗੂਆਂ ਦੇ ਬਿਆਨ ਅਤੇ ਰਵੱਈਆ ਹਾਲੇ ਵੀ ਨਾ-ਮਿਲਵਰਤਨ ਅਤੇ ਹੈਂਕੜ ਵਾਲਾ ਹੀ ਰਿਹਾ। ਆਗੂਆਂ ਦੇ ਆਮ ਲੋਕਾਂ ਵਿੱਚ ਵਿਚਰਨ ਅਤੇ ਸੰਪਰਕ ਦੀ ਘਾਟ ਹੋ ਗਈ, ਲੋਕਾਂ ਨੂੰ ਹੁਣ ਕਿਸਾਨ ਅੰਦੋਲਨ ਤੇ ਆਪਣਾ ਨਹੀਂ ਬਲਕਿ ਬਿਗਾਨਾ ਕਬਜ਼ਾ ਹੋਣ ਦਾ ਅਹਿਸਾਸ ਹੋਣ ਲੱਗਾ ਹੈ ਕਿਉਂਕਿ ਹੁਣ ਕਿਸਾਨ ਆਗੂਆਂ ਦੀਆਂ ਤਕਰੀਰਾਂ ਅਤੇ ਬਿਆਨਾਂ ਉੱਪਰ ਤੱਥਾਂ, ਹਾਲਾਤਾਂ, ਸਥਿਤੀਆਂ ਅਤੇ ਘਟਨਾਵਾਂ ਨੂੰ ਮੁਲੰਮਾ ਚੜਾਅ ਕੇ ਪੇਸ਼ ਕਰਨ ਦੇ ਸ਼ੌਕ ਪੈਦਾ ਹੋ ਗਏ ਹਨ। ਆਪਸੀ ਕਿੜਾਂ, ਮਨਮਰਜੀ ਅਤੇ ਕਬਜੇ ਦੀ ਬਿਆਨਬਾਜੀ ਵਿੱਚ ਉਲ਼ਝ ਕੇ ਕਿਸਾਨ ਅੰਦੋਲਨ ਨੂੰ ਮਿਲੇ ਅੰਦਰੂਨੀ ਅਤੇ ਵਿਦੇਸ਼ੀ ਸਮੱਰਥਨ ਨੂੰ ਸਾਂਭਣ ਬਾਰੇ ਵੀ ਆਗੂ ਬਣਦੀ ਸਾਕਾਰਾਤਮਕ ਭੂਮਿਕਾ ਨਿਭਾਉਣ ਤੋਂ ਖੁੰਝ ਗਏ। ਅੱਜ ਕਿਸਾਨ ਆਗੂਆਂ ਦਾ ਲੋਕ ਸੰਪਰਕ ਖਤਮ ਦੇ ਬਰਾਬਰ ਹੈ ਬਸ ਨਿੱਜੀ ਵਿਚਾਰਧਾਰਾ ਅਧਾਰਤ ਫੈਸਲੇ ਥੋਪਣ ਤੇ ਜੋਰ ਹੈ। ਕਿਸਾਨ ਅਗੂਆਂ ਦੇ ਬਿਆਨਾਂ ਵਿੱਚੋਂ ਲੋਕ ਤਰਜਮਾਨੀ, ਜੁਆਬਦੇਹੀ, ਵੇਦਨਾ ਅਤੇ ਮੁੱਖ ਮੁੱਦਿਆਂ ਪ੍ਰਤੀ ਅਸਲ ਗੰਭੀਰਤਾ ਲੱਗਭੱਗ ਗਾਇਬ ਹੈ ਅਤੇ ਸਿਆਸੀ ਰੰਗਤ ਦਾ ਬੋਲ ਬਾਲਾ ਹੈ। ਰੱਬ ਆਸਰੇ ਨਾਲ ਸ਼ੁਰੂ ਹੋਇਆ ਅੰਦੋਲਨ ਅੱਜ ਫਿਰ ਰੱਬ ਆਸਰੇ ਹੋ ਗਿਆ ਹੈ । ਜਿਸ ਅਣ-ਕਿਆਸੇ ਪੱਧਰ ਤੇ ਕਿਸਾਨ ਅੰਦੋਲਨ ਪਹੁੰਚ ਗਿਆ ਸੀ ਸ਼ਾਇਦ ਆਗੂ ਉਸ ਪੱਧਰ ਦੀ ਆਪਣੀ ਸਰਬ ਸਾਂਝੀ ਵਿਚਾਰਧਾਰਾ ਨਹੀਂ ਬਣਾ ਸਕੇ। ਜੇਕਰ ਹਾਲੇ ਵੀ ਨਾ ਸੰਭਲੇ ਤਾਂ ਦੇਸ਼ ਦੀ ਜਨਤਾ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਵੇਗਾ।

# ਕਦੇ ਪੰਜਾਬੀ ਰਸੋਈ ਘਰ ਵਿਚ ਕੂੰਡੇ-ਘੋਟਣੇ ਦੀ ਵੀ ਸਰਦਾਰੀ ਹੁੰਦੀ ਸੀ

ਕੂੰਡਾ ਘੋਟਨਾ ਪਹਿਲਾ ਸਾਰਿਆਂ ਦੇ ਘਰਾਂ ਵਿੱਚ ਹੁੰਦਾ ਸੀ, ਕੋਈ ਸਮਾਂ ਸੀ ਜਦੋਂ ਪੰਜਾਬੀ ਰਸੋਈ ਘਰ ਵਿੱਚ ਕੂੰਡੇ-ਘੋਟਣੇ ਦੀ ਸਰਦਾਰੀ ਹੁੰਦੀ ਸੀ। ਜਿੰਦਗੀ ਕਿੰਨੇ ਰੰਗ ਬਦਲਦੀ ਹੈ ਤੇ ਤਕਨੀਕ ਦਾ ਵਿਕਾਸ ਫਿੱਕੇ ਰੰਗਾਂ ਉੱਤੇ ਗੂੜ੍ਹੇ ਰੰਗਾਂ ਦਾ ਲੇਪ ਕਿੰਨੀ ਛੇਤੀ ਚਾੜ੍ਹਦਾ ਹੈ,ਪਹਿਲਾ ਤਿੰਨ ਅਹਿਮ ਗੱਲਾਂ ਵੱਲ ਧਿਆਨ ਦਿੱਤਾ ਜਾਂਦਾ ਸੀ ਪਹਿਲਾ ਕੱਚੀਆਂ ਕੰਧਾਂ 'ਤੇ ਹੱਥੀਂ ਪਾਏ ਨਮੂਨੇ, ਦੂਜਾ ਕੱਚੀ ਕੰਧ ਨਾਲ ਪਿਆ ਕੂੰਡਾ-ਘੋਟਣਾ ਤੇ ਤੀਜਾ ਕੰਧ ਦੇ ਆਲ਼ੇ (ਮੋਰੀ) ਵਿਚ ਟੰਗੀ ਹੋਈ ਦਾਤਰੀ। ਇਹ ਤਿੰਨੇ ਚੀਜ਼ਾਂ ਹੁਣ ਬਹੁਤ ਘੱਟ ਦੇਖਣ ਨੂੰ ਮਿਲਦੀਆਂ ਹਨ ਤੇ ਜਿੱਥੇ ਕਿਤੇ ਮਿਲਦੀਆਂ ਹਨ, ਉਹ ਮਜਬੂਰੀ ਵੱਸ ਨੇ, ਸ਼ੌਕ ਕਿਸੇ ਨੂੰ ਨਹੀਂ ਇਨ੍ਹਾਂ ਦਾ। ਅੱਜ ਮਸ਼ੀਨੀਕਰਨ ਅਤੇ ਤੇਜ਼-ਤਰਾਰ ਜ਼ਿੰਦਗੀ ਦੇ ਰੁਖ਼ ਨੇ ਕੂੰਡੇ-ਘੋਟਣੇ ਦੀ ਵਰਤੋਂ ਕੁਝ ਘਟਾ ਦਿੱਤੀ ਹੈ। ਸ਼ਹਿਰੀ ਖੇਤਰ ਵਿੱਚ ਇਸ ਦੀ ਜਗ੍ਹਾ ਮਿਕਸੀ /ਗਰੈਂਡਰ ਨੇ ਲੈ ਲਈ ਹੈ ਪਰ ਪੇਂਡੂ ਖੇਤਰ ਵਿੱਚ ਦਾਲ/ਸਬਜ਼ੀ ਬਣਾਉਣ ਸਮੇਂ ਮਿਰਚ ਮਸਾਲਾ ਰਗੜਨ ਅਤੇ ਚਟਣੀ ਆਦਿ ਬਣਾਉਣ ਲਈ ਕੂੰਡੇ ਦੀ ਵਰਤੋਂ ਅੱਜ ਵੀ ਕੀਤੀ ਜਾਂਦੀ ਹੈ।

ਕੂੰਡਾ ਅਕਸਰ ਹੀ ਪੱਥਰ ਜਾਂ ਚੀਕਣੀ ਮਿੱਟੀ ਦਾ ਬਣਿਆ ਹੁੰਦਾ ਹੈ। ਪਾਕਿਸਤਾਨੀ ਕੂੰਡਾ ਮਸ਼ਹੂਰ ਹੈ ਜਿਸ ਦੀ ਬਣਤਰ ਖ਼ਾਸ ਡਿਜ਼ਾਈਨ ਵਾਲੀ ਹੁੰਦੀ ਹੈ। ਕੂੰਡੇ ਦਾ ਸਾਥੀ ਘੋਟਣਾ ਨਿੰਮ ਦੀ ਸਖ਼ਤ ਲੱਕੜ ਦਾ ਬਣਿਆ ਹੁੰਦਾ ਹੈ। ਨਾ ਕੋਈ ਮੈਕਸੀ ਸੀ ਨਾ ਕੋਈ ਗਰਾਈਂਡਰ, ਨਾ ਕੋਈ ਜੂਸਰ ਅਤੇ ਨਾ ਕੋਈ ਹੋਰ ਕਿਸੇ ਕਿਸਮ ਦੀ ਬਿਜਲੀ ਨਾਲ ਚੱਲਣ ਵਾਲੀ ਮਸ਼ੀਨ। ਇਹ ਕਿੱਥੋਂ ਹੋਣੇ ਸਨ ਜਦੋਂ ਹਾਲੇ ਸਾਡੇ ਪਿੰਡਾਂ ਵਿਚ ਬਿਜਲੀ ਹੀ ਨਹੀਂ ਸੀ ਆਈ। ਸੱਤਰਵਿਆਂ ਦੇ ਸ਼ੁਰੂਸ਼ੁਰੂ ਦੇ ਦਿਨਾਂ ਦੀਆਂ ਦਾਦੀ ਮਾਂ ਦੀਆਂ ਦੱਸੀਆਂ ਗੱਲਾਂ ਦੀਆਂ ਯਾਦਾਂ ਤੁਹਾਡੇ ਨਾਲ ਸਾਂਝੀਆਂ ਕਰਨ ਲੱਗੀ ਹਾਂ। ਸਰਦੀਆਂ ਵਿਚ ਚੁੱਲੇ ਤੇ ਤਵੇ ਦੀ ਰੋਟੀ ਅਤੇ ਗਰਮੀਆਂ ਵਿਚ ਤੰਦੂਰੀ ਰੋਟੀ ਹਾਲੇ ਪੱਕਣੀ ਸ਼ੁਰੂ ਹੀ ਹੁੰਦੀ ਸੀ ਤਾਂ ਦਾਦੀ ਮਾਂ ਬਾਪੂ ਨੂੰ ਅਵਾਜ ਮਾਰਦੀ ਕਿ ਕੂੰਡੇ ਵਿਚ ਮਿਰਚਾਂ ਰਗੜ ਲਓ ਰੋਟੀ ਤਿਆਰ ਹੈ। ਬਸ ਫਿਰ ਕੀ ਸੀ ਬਾਪੂ ਹੱਥ ਵਿਚ ਗੰਡੇ ਨੂੰ ਮਲਦਾ ਤੇ ਛਿਲੜ ਨੂੰ ਦੂਰ ਕਰਦਾ, ਜੜਾਂ ਤੇ ਭੂਕਾਂ ਵਾਲੇ ਪਾਸਿਓ ਜੇਕਰ ਚਾਕੂ ਲੱਭ ਜਾਂਦਾ ਤਾਂ ਠੀਕ ਨਹੀਂ ਤਾਂ ਮੂੰਹ ਨਾਲ ਹੀ ਕੰਮ ਸਾਰ ਲੈਂਦਾ। ਦੋ ਕੁ ਮਿੰਟਾਂ 'ਚ ਗੰਡਾ, ਮਿਰਚਾਂ, ਲੂਣ ਅਤੇ ਲਸਣ ਨੂੰ ਦਰੜਫਰੜ ਕੇ ਬਾਪੂ ਕੂੰਡੇ ਨੂੰ ਦਾਦੀ ਮਾਂ ਕੋਲ ਧਰ ਦਿੰਦਾ। ਗਰਮੀਆਂ ਵਿਚ ਖੱਖੜੀਆਂ ਦੇ ਬੀਜ ਤੇ ਸਰਦੀਆਂ ਵਿਚ ਕਪਾਹ ਦੀ ਫਸਲ ਵਿਚੋਂ ਇਕੱਠੇ ਕੀਤੇ ਚਿੱਬੜ ਵੀ ਚਟਣੀ 'ਚ ਮਿਲਾ ਕੇ ਖਾਣ ਦਾ ਸਵਾਦ ਲੈਂਦੇ। ਥੋੜੀ ਕੁ ਚਟਣੀ ਅਤੇ ਮੱਖਣ ਦੋ ਰੋਟੀਆਂ ਤੇ ਰੱਖ ਕੇ ਦਾਦੀ ਮਾਂ ਮੇਰੇ ਪਾਪਾ ਨੂੰ ਕਹਿੰਦੀ 'ਆਹ ਲੈ ਪੁੱਤ ਖਾ ਤੇ ਸਕੂਲ ਨੂੰ ਤੁਰਦਾ ਬਣ'। ਦੁਪਹਿਰ ਨੂੰ ਅੱਧੀ ਛੁੱਟੀ ਵੇਲੇ ਜਦੋਂ ਪਾਪਾ ਨੇ ਫਿਰ ਘਰ ਰੋਟੀ ਖਾਣ ਆਉਣਾ ਤਾਂ ਸਵੇਰ ਵਾਲੀ ਪੱਕੀ ਹੋਈ ਰੋਟੀ ਅਚਾਰ ਨਾਲ ਖਾ ਕੇ ਫਿਰ ਸਕੂਲ ਨੂੰ ਭੱਜ ਜਾਣਾ।

ਇਕ ਵੇਲ਼ਾ ਸੀ ਜਦੋਂ ਕੱਚੀਆਂ ਕੰਧਾਂ ਸਭ ਤੋਂ ਵੱਧ ਦੁੱਖ ਦੇਣੀਆਂ ਜਾਪਦੀਆਂ ਸਨ। ਹੁਣ ਪੱਕੀਆਂ ਕੰਧਾਂ ਖੁਦ ਤਾਂ ਨਹੀਂ ਖੁਰਦੀਆਂ, ਪਰ ਇਨਸਾਨ ਅੰਦਰੋਂ ਖੁਰਨਾ ਸ਼ੁਰੂ ਹੋ ਚੁੱਕਾ ਹੈ।

ਕੂੰਡੇ-ਸੋਟੇ ਦੀ ਲੋੜ ਗਰਾਈਂਡਰਾਂ ਤੇ ਮਿਕਸੀਆਂ ਨੇ ਪੂਰ ਦਿੱਤੀ ਹੈ। ਸਵਿੱਚ ਛੱਡੋ ਤੇ ਚਟਣੀ ਤਿਆਰ, ਪੀਸੀਆਂ ਚੀਜ਼ਾਂ ਤਿਆਰ। ਪਹਿਲਾਂ ਕਿੰਨੀ-ਕਿੰਨੀ ਦੇਰ ਬਾਹਾਂ ਦੀ ਕਸਰਤ ਹੁੰਦੀ ਸੀ, ਗੁਆਂਢ ਨੂੰ ਵੀ ਪਤਾ ਲੱਗ ਜਾਂਦਾ ਸੀ ਕਿ ਫ਼ਲਾਣਿਆਂ ਦੇ ਘਰ ਚਟਣੀ ਬਣ ਰਹੀ ਹੈ। ਕੂੰਡੇ 'ਚ ਕੁੱਟੀ ਚਿੱਬੜਾਂ ਦੀ ਚਟਣੀ ਜੋ ਸਵਾਦ ਦਿੰਦੀ ਸੀ, ਉਹ ਅੱਜ ਮਸ਼ੀਨਾਂ ਨਾਲ ਤਿਆਰ ਚਟਣੀਆਂ 'ਚੋਂ ਕਿਵੇਂ ਮਿਲ ਸਕਦਾ ਹੈ।

ਮੁੱਢ-ਕਦੀਮ ਤੋਂ ਰਸੋਈ ਘਰ ਦੇ ਬਹੁਤੇ ਭੋਜਨ ਪਦਾਰਥ ਸਾਬਤ ਰੂਪ ਵਿੱਚ ਕੁਦਰਤੀ ਤੌਰ 'ਤੇ ਖੇਤਾਂ ਵਿੱਚ ਉਗਾ ਕੇ ਪ੍ਰਾਪਤ ਕੀਤੇ ਜਾਂਦੇ ਸਨ, ਜਿੰਨਾਂ ਨੂੰ ਧੁੱਪ ਵਿੱਚ ਸੁਕਾ ਕੇ ਹੱਥੀਂ ਕੂੰਡੇ ਘੋਟਣੇ ਨਾਲ ਪੀਸ ਕੇ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ। ਅੱਜ ਵਾਂਗ ਬਾਜ਼ਾਰ ਵਿੱਚ ਪੈਕਟਾਂ ਵਿੱਚ ਬੰਦ ਪੀਸੇ ਹੋਏ ਭੋਜਨ ਪਦਾਰਥ ਘੱਟ ਮਿਲਦੇ ਸਨ। ਅੱਜ ਰਸੋਈ ਘਰ ਦੀ ਲੂਣਦਾਨੀ ਵੀ ਸੁੰਗੜ ਕੇ ਤਿੰਨ ਖਾਨਿਆਂ ਵਾਲੀ ਰਹਿ ਗਈ ਹੈ ਜਿਸ ਵਿੱਚ ਲੂਣ, ਮਿਰਚ, ਮਸਾਲਾ, ਹਲਦੀ ਪੀਸਿਆ ਹੋਇਆ ਬਾਜ਼ਾਰ ਵਿੱਚੋਂ ਖ਼ਰੀਦ ਕੇ ਭਰ ਲਿਆ ਜਾਂਦਾ ਹੈ ਪਰ ਪਹਿਲਾਂ ਲੂਣਦਾਨੀ ਹਰਬਲ ਵਸਤੂਆਂ ਦੀ ਦੁਕਾਨ ਵਾਂਗ ਹੁੰਦੀ ਸੀ ਜਿਸ ਵਿੱਚ ਮਿਰਚ, ਲੂਣ, ਹਲਦੀ, ਜੈਫਲ, ਵੱਡੀ ਇਲਾਇਚੀ, ਛੋਟੀ ਇਲਾਇਚੀ, ਜਵੈਤਰੀ, ਕਾਲੀ ਮਿਰਚ, ਮਲੱਠੀ, ਸੁੰਢ, ਹਿੰਗ ਆਦਿ ਵਸਤੂਆਂ ਸਾਬਤ ਰੂਪ ਵਿੱਚ ਹੁੰਦੀਆਂ ਸਨ ਅਤੇ ਲੋੜ ਮੁਤਾਬਕ ਕੂੰਡੇ ਘੋਟਣੇ ਨਾਲ ਰਗੜ ਕੇ ਵਰਤੀਆਂ ਜਾਂਦੀਆਂ ਸਨ।

ਕੂੰਡੇ ਅਤੇ ਘੋਟਣੇ ਦੀ ਰਗੜਨ ਪ੍ਰਕਿਰਿਆ ਨਾਲ ਸਰੀਰਕ ਕਸਰਤ ਵੀ ਹੋ ਜਾਂਦੀ ਹੈ ਅਤੇ ਹੱਥਾਂ ਦੀ ਪਕੜ ਵੀ ਮਜ਼ਬੂਤ ਹੁੰਦੀ ਹੈ। ਪਹਿਲੇ ਸਮੇਂ ਵਿੱਚ ਠੰਢਿਆਈ, ਸੱਤੂ, ਭੁੱਗਾ ਆਦਿ ਕੂੰਡੇ-ਘੋਟਣੇ ਵਿੱਚ ਰਗੜ ਕੇ ਤਿਆਰ ਕੀਤੇ ਜਾਂਦੇ ਸਨ। ਪਹਿਲਾ ਆਮ ਜਿਮੀਂਦਾਰਾਂ ਦੇ ਘਰ ਸਰਦੀਆਂ ਵਿਚ ਲਵੇਰਾ ਹੁੰਦਾ ਤਾਂ ਸਵੇਰੇ ਦਹੀਂ ਦੀ ਕੌਲੀ ਅਤੇ ਮੱਖਣੀ ਮਿਲਦੀ ਨਹੀਂ ਤਾਂ ਰੋਟੀ ਚਟਣੀ ਨਾਲ ਖਾ ਲੈਣੀ ਤੇ ਸਾਰੀ ਦਿਹਾੜੀ ਕੰਮ ਕਰਦੇ ਰਹਿਣਾ। ਸਿਰਫ ਸ਼ਾਮ ਦੇ ਵੇਲੇ ਹੀ ਤੌੜੀ ਵਿਚ ਰਿੰਨੀ ਦਾਲ ਖਾਣ ਨੂੰ ਮਿਲਦੀ। ਨਾ ਕਿਸੇ ਨੂੰ ਸਰਦੀਜ਼ੁਕਾਮ, ਤਾਪ ਅਤੇ ਮਲੇਰੀਆ ਹੁੰਦਾ ਤੇ ਨਾ ਹੀ ਕੋਈ ਸ਼ਹਿਰ ਡਾਕਟਰ ਕੋਲ ਦਵਾਈ ਲੈਣ ਜਾਂਦਾ। ਪਹਿਲੀ ਗੱਲ ਤਾਂ ਇਹ ਹੈ ਕਿ ਕਿਸੇ ਜਿਮੀਂਦਾਰ ਦਾ ਲਮਕਮਾ ਢਿੱਡ ਹੀ ਨਹੀਂ ਸੀ ਹੁੰਦਾ। ਜਦੋਂ ਬੰਦਾ ਵਾਧੂ ਭਾਰ ਹੀ ਨਹੀਂ ਚੱਕਦਾ ਤਾਂ ਗੋਡਿਆਂ ਨੂੰ ਕੀ ਹੋਣਾ ਸੀ। ਜਦੋਂ ਵਾਧੂ ਭਾਰ ਹੀ ਨਹੀਂ ਤਾਂ ਦਿਲ ਨੂੰ ਬਹੁਤਾ ਕੰਮ ਕਰਨ ਦੀ ਵੀ ਲੋੜ ਨਹੀ ਸੀ ਪੈਂਦੀ। ਇਸ ਕਰਕੇ ਨਾ ਹਰਟਅਟੈਕ ਤੇ ਨਾ ਬਲੱਡਪਰੈਸ਼ਰ। ਹੋ ਸਕਦਾ ਐ ਕਿ ਕੁੱਝ ਲੋਕ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਮਰਦੇ ਹੋਣ।

ਮਿੱਟੀ ਦਾ ਕੂੰਡਾ, ਵਿਚ ਪੱਥਰ ਦੇ ਰੋੜ ਅਤੇ ਨਿੰਮ ਦਾ ਘੋਟਣਾ ਇਹ ਤਿੰਨੇ ਹੀ ਅੰਦਰੂਨੀ ਬਿਮਾਰਿਆਂ ਨੂੰ ਖਤਮ ਕਰਨ ਦਾ ਕੰਮ ਕਰਦੇ ਹਨ। ਪਰ ਮੈਕਸੀ ਵਿਚ ਚਟਣੀ ਬਣਾਉਣ ਨਾਲ ਅਸੀਂ ਇਨ੍ਹਾਂ ਤਿੰਨਾਂ ਚੀਜਾਂ ਦੇ ਫਾਈਦੇ ਉਠਾਉਣ ਤੋਂ ਵਾਂਝੇ ਰਹਿ ਗਏ ਤੇ ਅਸੀਂ ਬਿਮਾਰੀਆਂ ਵੱਲ ਨੂੰ ਆਪ ਹੀ ਤੁਰ ਗਏ। ਕੱਚਾ ਲਸਣ ਸਾਡੇ ਖ਼ੂਨ ਨੂੰ ਪਤਲਾ ਕਰਦਾ ਹੈ ਅਤੇ ਨਾੜੀਆਂ ਨੂੰ ਬੰਦ ਹੋਣ ਤੋਂ ਬਚਾਉਂਦਾ ਹੈ। ਜੇਕਰ ਨਾੜੀਆਂ ਬੰਦ ਜਾਂ ਤੰਗ ਹੋਣੋ ਬਚ ਗਈਆਂ ਤਾਂ ਅਸੀਂ ਵੀ ਬਲੱਡਪਰੈਸ਼ਰ ਅਤੇ ਹਰਟਅਟੈਕ ਦੀ ਬਿਮਾਰੀ ਤੋਂ ਬਚ ਗਏ। ਮੈਕਸੀ ਵਿਚ ਤਿਆਰ ਕੀਤੀ ਚਟਣੀ ਦਾ ਇਕ ਚਮਚ ਪਾਣੀ ਦੇ ਗਿਲਾਸ ਵਿਚ ਪਾ ਕੇ ਦੇਖੋ ਤੁਹਾਨੂੰ ਪੁਦੀਨੇ ਦੇ ਪੱਤੇ ਬਰੀਕਬਰੀਕ ਕੱਟੇ ਹੋਏ ਨਜ਼ਰ ਤਾਂ ਆਉਣਗੇ ਪਰ ਘੁਟੇ ਹੋਏ ਨਹੀਂ ਦਿਸਣਗੇ।ਅਸੀਂ ਆਪਣਾ ਕੰਮ ਤਾਂ ਸੌਖਾ ਕਰ ਲਿਆ ਪਰ ਉਸ ਦੇ ਫਾਇਦੇ ਤੋਂ ਵੀ ਵਾਂਝੇ ਹੋ ਗਏ।

*ਗਗਨਦੀਪ ਧਾਲੀਵਾਲ ਝਲੂਰ ਬਰਨਾਲਾ ।*
*ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ ।*
*9988933161*

ਸਕਾਟਿਸ਼ ਪਾਰਲੀਮੈਂਟ ਚੋਣਾਂ 2021

# ਕਿਸੇ ਨੂੰ ਵੀ ਥਾਲੀ 'ਚ ਪਰੋਸੀ ਜਿੱਤ ਨਾ ਮਿਲਣ ਦੇ ਸੰਕੇਤ

6 ਮਈ ਨੂੰ ਹੋਣ ਜਾ ਰਹੀਆਂ ਸਕਾਟਿਸ਼ ਪਾਰਲੀਮੈਂਟ ਚੋਣਾਂ ਕਰਕੇ ਬਰਤਾਨਵੀ ਸਿਆਸਤ ਦੇ ਮੱਥੇ 'ਤੇ ਵੀ ਠੰਢੀਆਂ ਤ੍ਰੇਲੀਆਂ ਆ ਰਹੀਆਂ ਪ੍ਰਤੀਤ ਹੋ ਰਹੀਆਂ ਹਨ। ਹੌਲੀਰੁਡ ਚੋਣਾਂ ਦੇ ਨਤੀਜੇ ਬਰਤਾਨੀਆ ਦੀ ਸਿਆਸੀ ਧਰਾਤਲ ਲਈ ਵੀ ਅਹਿਮ ਮੋੜ ਪੈਦਾ ਕਰਨਗੇ। ਇੱਥੋਂ ਜਿੱਤਣ ਵਾਲੀ ਪਾਰਟੀ ਬਰਤਾਨਵੀ ਸਿਆਸਤ ਦੇ ਸੈਂਚੇ ਵਿੱਚ ਫਿੱਟ ਬੈਠਦੀ ਹੈ ਜਾਂ ਨਹੀਂ? ਇਹੀ ਚਿੰਤਾ ਪ੍ਰਧਾਨ ਮੰਤਰੀ ਤੱਕ ਦੇ ਅਹੁਦੇ ਲਈ ਸਵਾਲ ਰਹੇਗਾ। 25 ਮਾਰਚ ਤੋਂ ਰਸਮੀ ਤੌਰ 'ਤੇ ਚੋਣ ਪ੍ਰਚਾਰ ਦਾ ਆਗਾਜ਼ ਹੋ ਚੁੱਕਾ ਹੈ। ਸਭ ਤੋਂ ਵਧੇਰੇ ਫਸਵੀਂ ਟੱਕਰ ਮੌਜੂਦਾ ਸਕਾਟਿਸ਼ ਨੈਸ਼ਨਲ ਪਾਰਟੀ ਪ੍ਰਮੁੱਖ ਫਸਟ ਮਨਿਸਟਰ ਨਿਕੋਲਾ ਸਟਰਜਨ ਤੇ ਸਕਾਟਿਸ਼ ਲੇਬਰ ਪਾਰਟੀ ਲੀਡਰ ਅਨਸ ਸਰਵਰ ਵਾਲੀ ਸੀਟ 'ਤੇ ਹੋਵੇਗੀ। ਜ਼ਿਕਰਯੋਗ ਹੈ ਕਿ ਗਲਾਸਗੋ ਸਾਊਥਸਾਈਡ ਹਲਕੇ ਤੋਂ ਜੇਤੂ ਰਹਿ ਚੁੱਕੀ ਫਸਟ ਮਨਿਸਟਰ ਨਿਕੋਲਾ ਸਟਰਜਨ ਮੁੜ ਉੱਥੋਂ ਹੀ ਚੋਣ ਮੈਦਾਨ ਵਿੱਚ ਹੋਵੇਗੀ ਤੇ ਉਸੇ ਸੀਟ ਤੋਂ ਸਕਾਟਿਸ਼ ਲੇਬਰ ਪਾਰਟੀ ਲੀਡਰ ਅਨਸ ਸਰਵਰ ਵੀ ਮੈਦਾਨ ਵਿੱਚ ਡਟਿਆ ਹੋਇਆ ਹੈ। ਅਨਸ ਸਰਵਰ ਵੱਲੋਂ ਪ੍ਰਚਾਰ ਦੇ ਪਹਿਲੇ ਦਿਨ ਹੀ ਇਹ ਬਿਆਨ ਦਿੱਤਾ ਗਿਆ ਸੀ ਕਿ "ਉਕਤ ਹਲਕਾ ਨਿਕੋਲਾ ਸਟਰਜਨ ਲਈ ਤਾਂ ਸਿਆਸੀ ਬਿਸਾਤ ਹੋ ਸਕਦਾ ਹੈ ਪਰ ਇਹ ਹਲਕਾ ਮੇਰਾ ਤਾਂ ਘਰ ਹੈ।" ਨਿਕੋਲਾ ਸਟਰਜਨ ਦੇ ਸਿਆਸੀ ਸਫਰ ਦੇ ਮੁਕਾਬਲੇ ਬਹੁਤ ਘੱਟ ਸਫਰ ਵਾਲੇ ਨੌਜਵਾਨ ਲੇਬਰ ਲੀਡਰ ਅਨਸ ਸਰਵਰ ਦੇ ਇਸ ਜੁਰਅੱਤ ਭਰੇ ਬਿਆਨ ਤੇ ਕਦਮ ਦੀ ਸਿਆਸੀ ਹਲਕਿਆਂ 'ਚ ਭਰਵੀਂ ਚਰਚਾ ਹੋਈ। ਅਨਸ ਸਰਵਰ ਦੀ ਲਲਕਾਰ ਤੇ ਫੈਸਲੇ ਨੂੰ ਸਿਆਸਤ ਪ੍ਰਤੀ ਡੂੰਘੀ ਸਮਝ ਰੱਖਣ ਵਾਲੇ ਲੋਕ ਬਹੁਤ ਹੀ ਫੈਸਲਾਕੁੰਨ ਐਲਾਨ ਦੱਸ ਰਹੇ ਹਨ। ਮੌਜੂਦਾ ਹਾਲਾਤ ਇਹ ਹਨ ਕਿ ਨਿਕੋਲਾ ਸਟਰਜਨ ਜਿੱਥੇ ਸਾਬਕਾ ਫਸਟ ਮਨਿਸਟਰ ਅਲੈਕਸ ਸਲਮੰਡ ਦੇ ਮਾਮਲੇ ਵਿੱਚ ਘਿਰੀ ਰਹੀ, ਉੱਥੇ ਹੁਣ ਅਨਸ ਸਰਵਰ ਵੱਲੋਂ ਆਪਣੇ ਸਿਆਸੀ ਭਵਿੱਖ ਵੱਲੋਂ ਬੇਪ੍ਰਵਾਹ ਹੁੰਦਿਆਂ ਸਾਹਮਣੇ ਡਟ ਜਾਣਾ ਵੀ ਨਿਕੋਲਾ ਲਈ ਪ੍ਰੇਸ਼ਾਨੀ ਦਾ ਸਬੱਬ ਬਣੇਗਾ। ਇਸ ਨਾਜ਼ੁਕ ਦੌਰ ਵਿੱਚ ਜੇਕਰ ਅਜੇ ਅਨਸ ਸਰਵਰ ਕੋਲ ਗੁਆਉਣ ਲਈ ਕੁਝ ਵੀ ਨਹੀਂ ਤਾਂ ਨਿਕੋਲਾ ਸਟਰਜਨ ਦਾ ਇਸ ਸੀਟ ਤੋਂ ਹਾਰ ਜਾਣ ਨਾਲ ਬਹੁਤ ਕੁਝ ਗੁਆਚ ਜਾਵੇਗਾ।

ਸਕਾਟਿਸ਼ ਲੇਬਰ ਪਾਰਟੀ ਅਨਸ ਸਰਵਰ ਦੇ ਲੀਡਰ ਬਣਨ ਤੋਂ ਪਹਿਲਾਂ ਸਿਆਸੀ ਧਰਾਤਲ 'ਤੇ ਹੋਂਦ ਬਚਾਉਣ ਦੀ ਹਾਲਤ ਵਿੱਚ ਸੀ ਪਰ ਅਨਸ ਸਰਵਰ ਦੇ ਲੀਡਰ ਵਜੋਂ ਕਮਾਨ ਸੰਭਾਲਣ ਤੋਂ ਬਾਅਦ ਲੇਬਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਜੋਸ਼ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਸਕਾਟਿਸ਼ ਨੈਸ਼ਨਲ ਪਾਰਟੀ ਸਕਾਟਲੈਂਡ ਵਿੱਚ ਯੂਕੇ ਨਾਲੋਂ ਵੱਖ ਹੋਣ ਲਈ ਦੂਜੀ ਰਾਇਸ਼ੁਮਾਰੀ ਕਰਵਾਉਣ ਲਈ ਬਜ਼ਿਦ ਹੋਣ ਕਰਕੇ ਬਰਤਾਨਵੀ ਸਿਆਸਤ ਦਾ ਅੱਖ-ਤਿਣ ਹੈ ਉੱਥੇ ਲੇਬਰ ਪਾਰਟੀ ਵੱਲੋਂ ਏਕਤਾ ਬਣਾਈ ਰੱਖਣ ਦਾ ਹਾਮੀ ਹੋਣਾ ਬਾਕੀ ਸਿਆਸੀ ਪਾਰਟੀਆਂ ਨੂੰ ਵੀ ਹਜ਼ਮ ਆ ਰਿਹਾ ਹੈ। ਬੇਸ਼ੱਕ ਦੇਸ਼ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਕੰਸਰਵੇਟਿਵ ਪਾਰਟੀ ਨਾਲ ਸੰਬੰਧ ਰੱਖਦੇ ਹਨ, ਪਰ ਰੈਫਰੰਡਮ ਦੇ ਮੁੱਦੇ 'ਤੇ ਉਹਨਾਂ ਨੂੰ ਸਕਾਟਿਸ਼ ਲੇਬਰ ਪਾਰਟੀ ਦਾ ਸਟੈਂਡ ਪਸੰਦ ਆਉਣਾ ਵੀ ਸੁਭਾਵਿਕ ਹੈ। ਇਹਨਾਂ 6 ਮਈ ਨੂੰ ਹੋਣ ਜਾ ਰਹੀਆਂ ਚੋਣਾਂ ਦੇ ਨਤੀਜ਼ੇ ਜੋ ਮਰਜ਼ੀ ਆਉਣ ਪਰ ਇਹ ਗੱਲ ਸਪੱਸ਼ਟ ਹੈ ਕਿ ਥਾਲੀ 'ਚ ਪਰੋਸ ਕੇ ਸੌਖੀ ਜਿੱਤ ਕਿਸੇ ਨੂੰ ਵੀ ਮਿਲਣੀ ਮੁਸ਼ਕਿਲ ਜਾਪ ਰਹੀ ਹੈ। ਸਿਆਸੀ ਧਿਰਾਂ ਵਿੱਚੋਂ ਆਪਣਾ ਅਕਸ, ਭਵਿੱਖੀ ਰਾਹ ਤੇ ਪੈਰ ਜਮਾਉਣ ਵਿੱਚ ਲੇਬਰ ਪਾਰਟੀ ਅਨਸ ਸਰਵਰ ਦੀ ਅਗਵਾਈ ਵਿੱਚ ਲਾਹਾ ਜ਼ਰੂਰ ਲੈ ਜਾਵੇਗੀ। ਜ਼ਿਕਰਯੋਗ ਹੈ ਕਿ ਲੇਬਰ ਲੀਡਰ ਅਨਸ ਸਰਵਰ, ਗਲਾਸਗੋ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਰਹੇ ਚੌਧਰੀ ਮੁਹੰਮਦ ਸਰਵਰ ਦੇ ਫਰਜੰਦ ਹਨ। ਚੌਧਰੀ ਮੁਹੰਮਦ ਸਰਵਰ ਪਾਕਿਸਤਾਨ ਪੰਜਾਬ ਦੇ ਗਵਰਨਰ ਦੀਆਂ ਸੇਵਾਵਾਂ ਵੀ



ਮਨਦੀਪ ਖੁਰਮੀ
ਹਮਿਤਪੁਰਾ
ਗਲਾਸਗੋ (ਸਕਾਟਲੈਂਡ)
+44 75191 12312

ਨਿਭਾ ਰਹੇ ਹਨ। ਸਕਾਟਲੈਂਡ ਵਿੱਚ ਮੁਹੰਮਦ ਸਰਵਰ ਦੇ ਸਿਆਸੀ ਪ੍ਰਭਾਵ ਤੇ ਲੋਕਾਂ ਵਿੱਚ ਹਰਮਨ ਪਿਆਰਤਾ ਦਾ ਫਾਇਦਾ ਅਨਸ ਸਰਵਰ ਦੇ ਜ਼ਰੀਏ ਲੇਬਰ ਪਾਰਟੀ ਨੂੰ ਹੀ ਮਿਲੇਗਾ। ਬਰਤਾਨਵੀ ਸਿਆਸਤ ਵਿੱਚ ਕਿਸੇ ਸਿਆਸੀ ਪਾਰਟੀ ਦਾ ਲੀਡਰ ਬਣਨ ਵਾਲਾ ਵੀ ਅਨਸ ਸਰਵਰ ਪਹਿਲਾ ਸਿਆਸਤਦਾਨ ਹੈ ਜੋ ਗੈਰ ਗੋਰਾ ਹੋਣ ਦੇ ਬਾਵਜੂਦ ਪਾਰਟੀ ਦੀ ਅਗਵਾਈ ਕਰ ਰਿਹਾ ਹੈ। ਏਸ਼ੀਅਨ, ਖਾਸ ਕਰਕੇ ਮੁਸਲਿਮ ਪਿਛੋਕੜ ਵਾਲੀ ਵੋਟ ਅਨਸ ਸਰਵਰ ਦੀ ਝੋਲੀ ਵੱਡੀ ਗਿਣਤੀ ਵਿੱਚ ਪੈਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਸਿੱਖ ਭਾਈਚਾਰੇ ਦੀ ਵੋਟ ਵੀ ਅਨਸ ਸਰਵਰ ਰਾਹੀਂ ਲੇਬਰ ਪਾਰਟੀ ਦੇ ਖਾਤੇ ਪੈ ਸਕਦੀ ਹੈ, ਕਿਉਂਕਿ ਚੌਧਰੀ ਮੁਹੰਮਦ ਸਰਵਰ ਦੀਆਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ 'ਚ ਕੀਤੀਆਂ ਕੋਸ਼ਿਸ਼ਾਂ ਤੇ ਨਿਭਾਇਆ ਹਾਂ-ਪੱਖੀ ਰੋਲ ਵੀ ਸਿੱਖ ਭਾਈਚਾਰੇ ਨੂੰ ਵਾਇਆ ਅਨਸ ਸਰਵਰ ਹੋ ਕੇ ਲੇਬਰ ਪਾਰਟੀ ਦਾ ਸਾਥ ਦੇਣ ਲਈ ਮਜਬੂਰ ਕਰੇਗਾ। ਕਿਉਂਕਿ ਅਨਸ ਸਰਵਰ ਵੱਲੋਂ ਆਪਣੇ ਭਾਸ਼ਣ ਦੌਰਾਨ ਆਪਣੇ ਪਿਤਾ ਤੇ ਕਰਤਾਰਪੁਰ ਸਾਹਿਬ ਲਾਂਘੇ ਦਾ ਜ਼ਿਕਰ ਕਰਨਾ ਇਹੀ ਯਾਦ ਦਿਵਾਉਣਾ ਹੈ। ਇਸ ਤਰ੍ਹਾਂ ਦਾ ਜ਼ਿਕਰ ਉਹ ਗਲਾਸਗੋ ਦੇ ਇੱਕ ਗੁਰਦੁਆਰਾ ਸਾਹਿਬ ਵਿਖੇ ਵੀ ਕਰ ਚੁੱਕੇ ਹਨ। 129 ਸੀਟਾਂ 'ਤੇ ਹੋਣ ਜਾ ਰਹੇ ਸਿਆਸੀ ਦੰਗਲ 'ਚ ਸਪੱਸ਼ਟ ਬਹੁਮਤ ਲਈ 65 ਸੀਟਾਂ ਦੀ ਲੋੜ ਰਹੇਗੀ। ਇਸ ਸਮੇਂ ਨਿਕੋਲਾ ਸਟਰਜਨ ਦੀ ਅਗਵਾਈ 'ਚ ਸਕਾਟਿਸ਼ ਨੈਸ਼ਨਲ ਪਾਰਟੀ, ਸਕਾਟਿਸ਼ ਕੰਜ਼ਰਵੇਟਿਵ (ਡਗਲਸ ਰੌਸ), ਸਕਾਟਿਸ਼ ਲੇਬਰ (ਅਨਸ ਸਰਵਰ), ਸਕਾਟਿਸ਼ ਲਿਬਰਲ ਡੈਮੋਕ੍ਰੇਟਸ (ਵਿਲੀ ਰੈਨੀ), ਸਕਾਟਿਸ਼ ਗ੍ਰੀਨ (ਪੈਟ੍ਰਿਕ ਹਾਰਵੀ, ਲੌਰਨਾ ਸਲੇਟਰ) ਅਤੇ 3 ਨਵੀਆਂ ਪਾਰਟੀਆਂ ਵੀ ਆਪਣੀ ਜ਼ੋਰ ਅਜ਼ਮਾਈ ਕਰਨਗੀਆਂ, ਜਿਹਨਾਂ ਵਿੱਚ ਮਾਈਕਲ ਬੈਲਨਟਾਈਨ ਦੀ "ਰਿਫਾਰਮ ਯੂਕੇ", ਸਾਬਕਾ ਫਸਟ ਮਨਿਸਟਰ ਤੇ ਸਕਾਟਿਸ਼ ਨੈਸ਼ਨਲ ਪਾਰਟੀ ਲੀਡਰ ਅਲੈਕਸ ਸਲਮੰਡ ਦੀ "ਅਲਬਾ ਪਾਰਟੀ" ਤੇ ਜਾਰਜ ਗੈਲੋਵੇਅ ਦੀ "ਆਲ ਫੌਰ ਯੂਨਿਟੀ" ਪ੍ਰਮੁੱਖ ਹਨ।

ਇਸ ਚੋਣ ਵਿੱਚ ਹਿੱਸਾ ਲੈਣ ਲਈ ਵੋਟਰਾਂ ਨੂੰ ਆਪਣੇ ਹੱਥੀਂ ਵੋਟ ਬਕਸੇ 'ਚ ਵੋਟ ਪਾਉਣ, ਚਿੱਠੀ ਰਾਂਹੀ ਵੋਟ ਪਾਉਣ ਦੇ ਸੁਨੇਹੇ ਲੱਗ ਰਹੇ ਹਨ। ਸਭ ਤੋਂ ਵੱਡੀ ਗੱਲ ਕਿ ਇਹਨਾਂ ਚੋਣਾਂ ਵਿੱਚ ਕਿਸੇ "ਮਸ਼ੀਨ" ਦੀ ਵਰਤੋਂ ਦੀ ਬਜਾਏ ਬੈਲਟ ਪੇਪਰ ਦੀ ਵਰਤੋਂ ਹੀ ਹੋਵੇਗੀ।

ਅਪ੍ਰੈਲ ਮਹੀਨਾ ਚੋਣ ਮੁਹਿੰਮ ਨੂੰ ਸਿਖਰਾਂ 'ਤੇ ਪਹੁੰਚਾਉਣ ਦਾ ਕੰਮ ਕਰੇਗਾ। ਟੀਵੀ ਚੈਨਲਾਂ ਦੇ ਸਟੂਡੀਓਜ਼ ਰਾਹੀਂ ਪਾਰਟੀਆਂ ਦੇ ਆਗੂ ਬਹਿਸਾਂ ਦਾ ਹਿੱਸਾ ਬਣਨਗੇ। ਜਿਸਦੀ ਗੱਲ ਵਜ਼ਨਦਾਰ ਹੋਵੇਗੀ, ਜੋ ਲੋਕਾਂ ਦੇ ਦਿਲਾਂ ਦੀ ਤਾਰ ਛੂਹ ਜਾਵੇਗਾ, ਉਹੀ ਉਹਨਾਂ ਦੇ "ਮਤ ਦਾ ਦਾਨ" ਹਾਸਲ ਕਰ ਜਾਵੇਗਾ। ਹੁਣ ਦੇਖਣਾ ਇਹ ਹੋਵੇਗਾ ਕਿ 6 ਮਈ ਨੂੰ "ਇੱਕ ਦਿਨ ਦਾ ਰਾਜਾ-ਵੋਟਰ" ਕਿਸ ਕਿਸ ਦੀ ਕਿਸਮਤ ਬਦਲੇਗਾ।

## ਡੀਲਰਸ਼ਿਪ ਦਿਵਾਉਣ ਦੇ ਨਾਂਅ ’ਤੇ ਚੋਪੜਾ ਜੋੜੇ ਨੇ ਢਾਈ ਕਰੋੜ ਠੱਗੇ

ਐਸ ਏ ਐਸ ਨਗਰ, 19 ਅਪ੍ਰੈਲ (ਪੋਸਟ ਬਿਊਰੋ)- ਫੇਜ਼-1 ਥਾਣਾ ਪੁਲਸ ਨੇ ਡੀ ਏ ਲੀਗਲ ਦੀ ਸਲਾਹ ਲੈਣ ਤੋਂ ਬਾਅਦ ਹੋਮਲੈਂਡ ਸੁਸਾਇਟੀ ਸੈਕਟਰ ਸੱਤਰ ਵਿੱਚ ਰਹਿਣ ਵਾਲੇ ਦੀਪਕ ਚੋਪੜਾ ਤੇ ਉਸ ਦੀ ਪਤਨੀ ਸੋਨੀਆ ਚੋਪੜਾ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਇਹ ਕੇਸ ਫਾਜ਼ਿਲਕਾ ਦੇ ਅਜੈ ਨਾਗਪਾਲ ਦੀ ਸ਼ਿਕਾਇਤ ਉੱਤੇ ਐਸ ਪੀ ਸਿਟੀ 1 ਹਰਵਿੰਦਰ ਸਿੰਘ ਵਿਰਕ ਵੱਲੋਂ ਕੀਤੀ ਜਾਂਚ ਦੇ ਆਧਾਰ ਉੱਤੇ ਦਰਜ ਕੀਤਾ ਗਿਆ ਹੈ। ਦੋਵੇਂ ਪਤੀ-ਪਤਨੀ ਅਜੇ ਫਰਾਰ ਚੱਲ ਰਹੇ ਹਨ, ਜਿਨ੍ਹਾਂ ਨੂੰ ਫੜਨ ਲਈ ਪੁਲਸ ਛਾਪੇਮਾਰੀ ਕਰ ਰਹੀ ਹੈ।

ਸ਼ਿਕਾਇਤਕਰਤਾ ਅਜੈ ਨਾਗਪਾਲ ਨੇ ਐਸ ਐਸ ਪੀ ਮੋਹਾਲੀ ਨੂੰ ਦੱਸਿਆ ਕਿ ਉਹ ਫਾਜ਼ਿਲਕਾ ਦਾ ਵਸਨੀਕ ਹੈ ਅਤੇ ਚੰਡੀਗੜ੍ਹ ਵਿੱਚ ਉਨ੍ਹਾਂ ਦੇ ਬੱਚੇ ਸਕੂਲ ਵਿੱਚ ਪੜ੍ਹਦੇ ਹਨ। ਉਹ ਅਤੇ ਉਸ ਦਾ ਭਰਾ ਅਮਿਤ ਮੋਹਾਲੀ ਵਿੱਚ ਕਿਰਾਏ ਦੀ ਕੋਠੀ ਵੇਖ ਰਹੇ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਹੋਮਲੈਂਡ ਸੁਸਾਇਟੀ ਵਿੱਚ ਚੰਗਾ ਫਲੈਟ ਹੈ, ਜੋ ਕਿਰਾਏ ਉੱਤੇ ਮਿਲ ਜਾਵੇਗਾ। ਅਜੇ ਉਹ ਉਥੇ ਘੁੰਮ ਰਹੇ ਸਨ ਕਿ ਉਨ੍ਹਾਂ ਨੂੰ ਦੀਪਕ ਚੋਪੜਾ ਤੇ ਉਸ ਦੀ ਪਤਨੀ ਸੋਨੀਆ ਮਿਲੇ, ਦੋਵਾਂ ਨੇ ਗੱਲਬਾਤ ਸ਼ੁਰੂ ਕਰ ਦਿੱਤੀ। ਗੱਲਾਂ-ਗੱਲਾਂ ਵਿੱਚ ਦੋਵਾਂ ਨੇ ਦੱਸਿਆ ਕਿ ਉਨ੍ਹਾਂ ਦੀ ਇੰਡਸਟਰੀ ਏਰੀਆ ਮੋਹਾਲੀ ਫੇਜ਼ 3 ਵਿੱਚ ਹੀਰੋ ਹਾਂਡਾ ਦੀ ਏਜੰਸੀ ਦੀ ਗੱਲ ਚੱਲ ਰਹੀ ਹੈ, ਜੇ ਉਹ ਚਾਹੁੰਣ ਤਾਂ ਪਾਰਟਨਰਸ਼ਿਪ ਤਹਿਤ ਇੱਥੇ ਏਜੰਸੀ ਖੋਲ੍ਹ ਸਕਦੇ ਹਨ।ਐਸ ਐਸ ਪੀ ਨੂੰ ਦਿੱਤੀ ਸ਼ਿਕਾਇਤ ਵਿੱਚ ਅਜੈ ਨੇ ਦੱਸਿਆ ਕਿ ਉਸ ਨੇ ਤੇ ਉਸ ਦੇ ਭਰਾ ਅਮਿਤ ਨੇ ਘਰ ਜਾ ਕੇ ਵਿਚਾਰ ਕੀਤਾ ਤੇ ਇਸ ਕੰਮ ਲਈ ਰਾਜ਼ੀ ਹੋ ਗਏ। ਇਸ ਲਈ ਬਾਕਾਇਦਾ ਕਾਗਜ਼ੀ ਕਾਰਵਾਈ ਕੀਤੀ ਗਈ ਤੇ ਪਹਿਲਾਂ ਕੰਪਨੀ ਦਾ ਨਾਂਅ ਮੈਕਰੋ ਗਰੁੱਪ ਪ੍ਰਾਈਵੇਟ ਲਿਮਟਿਡ ਪਲਾਟ ਨੰਬਰ ਬੀ-26 ਇੰਡਸਟਰੀ ਏਰੀਆ ਨੇੜੇ ਪੀ ਟੀ ਐਲ ਫੇਜ਼-ਤਿੰਨ ਸੀ ਰੱਖਿਆ, ਜਿਸ ਨੂੰ ਕਾਗਜ਼ਾਂ ਵਿੱਚ ਤਬਦੀਲ ਕੀਤਾ ਗਿਆ। ਬਾਕਾਇਦਾ ਉਨ੍ਹਾਂ ਨੇ ਚੋਪੜਾ ਪਤੀ-ਪਤਨੀ ਦੇਕਹਿਣ ਉੱਤੇ ਢਾਈ ਕਰੋੜ ਦੀ ਬੈਂਕ ਟਰਾਂਜੈਕਸ਼ਨ ਕਰ ਦਿੱਤੀ। ਕਾਗਜ਼ੀ ਕਾਰਵਾਈ ਵਿੱਚ ਲਿਖਿਆ ਗਿਆ ਕਿ ਸਾਰੇ ਖਰਚੇ ਕੱਢ ਕੇ ਲਾਭ ਦੋਵਾਂ ਪਾਰਟਨਰਾਂ ਵਿੱਚ ਪੰਜਾਹ ਫੀਸਦੀ ਵੰਡਿਆ ਜਾਵੇਗਾ। ਸਾਰਾ ਕੰਮ ਹੋਣ ਪਿੱਛੋਂ ਜਦੋਂ ਮੈਕਰੋ ਗਰੁੱਪ ਦੇ ਅਕਾਊਂਟ ਵਿੱਚ ਕਰੋੜਾਂ ਟਰਾਂਸਫਰ ਹੋ ਗਏ ਤਾਂ ਪਤੀ ਪਤਨੀ ਨੇ ਗੱਲ ਨਹੀਂ ਗੌਲੀ।

## ਕੁੰਵਰ ਵਿਜੈ ਪ੍ਰਤਾਪ ਨੂੰ ਅਕਾਲੀ ਆਗੂਆਂ ਦੀਆਂ ਧਮਕੀਆਂ ਬਾਰੇ ਆਮ ਆਦਮੀ ਪਾਰਟੀ ਨੇ ਜਾਂਚ ਮੰਗੀ




ਚੰਡੀਗੜ੍ਹ, 19 ਅਪ੍ਰੈਲ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ(ਐਸ ਆਈ ਟੀ) ਦੇ ਸੀਨੀਅਰ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਅਕਾਲੀ ਆਗੂਆਂ ਵੱਲੋਂ ਧਮਕੀਆਂ ਦਿੱਤੀਆਂ ਗਈਆਂ ਤੇ ਮਾੜੇ ਲਫਜ਼ ਬੋਲੇ ਗਏ ਸਨ। ਇਸ ਬਾਰੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ 15 ਮਾਰਚ 2021 ਨੂੰ ਡੀ ਜੀ ਪੀ ਦਿਨਕਰ ਗੁਪਤਾ ਤੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ ਸਕੱਤਰ ਅਨੁਰਾਗ ਅਗਰਵਾਲ ਨੂੰ ਚਿੱਠੀ ਵੀ ਲਿਖੀ ਸੀ। ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਇਸ ਬਾਰੇ ਕਿਹਾ ਕਿ ਆਈ ਜੀ ਰੈਂਕ ਦੇ ਅਫਸਰ ਨੂੰ ਧਮਕੀਆਂ ਮਿਲੀਆਂ ਹਨ ਤਾਂ ਆਮ ਲੋਕਾਂ ਤੇ ਕੇਸ ਨਾਲ ਜੁੜੇ ਗਵਾਹਾਂ ਦਾ ਕੀ ਹੋਵੇਗਾ।

ਮਾਨ ਨੇ ਕਿਹਾ ਕਿ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਜੋ ਚਿੱਠੀ ਲਿਖੀ ਹੈ, ਉਸ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੀਅਤ ਦਾ ਖੁਲਾਸਾ ਹੋ ਗਿਆ ਹੈ। ਇਸ ਦੇ ਬਾਅਦ ਵੀ ਕੈਪਟਨ ਅਮਰਿੰਦਰ ਸਿੰਘ ਦੀ ਚੁੱਪ ਉੱਤੇ ਸਵਾਲ ਉਠ ਰਹੇ ਹਨ।ਓਧਰ ਡੀ ਜੀ ਪੀ ਅਤੇ ਗ੍ਰਹਿ ਵਿਭਾਗ ਦੇ ਐਡੀਸ਼ਨਲ ਚੀਫ ਸੈਕਟਰੀ ਨੂੰ ਚਿੱਠੀ ਲਿਖਣ ਦਾ ਭੇਦ ਖੁੱਲ੍ਹਣਤੋਂ ਸਾਫ ਹੋ ਗਿਆ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਹਾਈ ਕੋਰਟ ਵੱਲੋਂ ਐਸ ਆਈ ਟੀ ਦੀ ਰਿਪੋਰਟ ਨੂੰ ਰੱਦ ਕਰਨ ਅਤੇ ਉਨ੍ਹਾਂ ਨੂੰ ਜਾਂਚ ਤੋਂ ਬਾਹਰ ਰੱਖਣ ਦੇ ਫੈਸਲੇ ਦੇ ਬਾਅਦ ਭਾਵੁਕ ਹੋ ਕੇ ਹੀ ਅਸਤੀਫਾ ਨਹੀਂ ਦਿੱਤਾ, ਉਨ੍ਹਾਂ ਨੂੰ ਇਸ ਗੱਲ ਦਾ ਪਹਿਲਾਂ ਸ਼ੱਕ ਸੀ ਕਿ ਏਦ੍ਹਾਂ ਦਾ ਕੁਝ ਹੋਣ ਵਾਲਾ ਹੈ, ਕਿਉਂਕਿ ਹਾਈ ਕੋਰਟ ਦੇ ਫੈਸਲੇ ਦੇ ਤੁਰੰਤ ਬਾਅਦ ਕੁੰਵਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਸਤੀਫਾ ਸੌਂਪ ਦਿੱਤਾ ਸੀ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਮਨਾਉਣ ਦਾ ਯਤਨ ਵੀ ਕੀਤਾ, ਪਰ ਉਹ ਨਹੀਂ ਮੰਨੇ। ਕਿਉਂਕਿ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੋਂ ਪੁੱਛਗਿੱਛ ਕੀਤੀ ਸੀ, ਇਸ ਦੇ ਬਾਅਦ ਤੋਂ ਹੀ ਉਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਸਨ।

ਕੈਪਟਨਅਮਰਿੰਦਰ ਸਿੰਘ ਉੱਤੇ ਨਿਸ਼ਾਨਾ ਲਾਉਂਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਰਾਜ ਸਰਕਾਰ ਇਸ ਕੇਸ ਨੂੰ ਹਾਈ ਕੋਰਟ ਵਿੱਚ ਠੀਕ ਤਰ੍ਹਾਂ ਪੇਸ਼ ਕਰਨ ਵਿੱਚ ਨਾਕਾਮ ਰਹੀ ਹੈ ਤਾਂ ਘੱਟੋ ਘੱਟ ਇਸ ਕੇਸ ਨਾਲ ਜੁੜੇ ਗਵਾਹਾਂ ਨੂੰ ਸੁਰੱਖਿਆ ਹੀ ਦੇ ਦੇਣੀ ਚਾਹੀਦੀ ਹੈ ਕਿਉਂਕਿ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਇਸ ਕੇਸ ਨਾਲ ਜੁੜੀਆਂ ਹਨ।

ਵਰਨਣ ਯੋਗ ਹੈ ਕਿ ਹਾਈ ਕੋਰਟ ਦੇ ਫੈਸਲੇ ਮਗਰੋਂ ਕੈਪਟਨ ਸਰਕਾਰ ਵਿਰੋਧੀ ਧਿਰ ਵੱਲੋਂ ਹੀ ਨਹੀਂ, ਸਗੋਂ ਆਪਣਿਆਂ ਤੋਂ ਵੀ ਘਿਰੀ ਹੋਈ ਹੈ। ਦੋ ਦਿਨ ਪਹਿਲਾਂਇਸ ਫੈਸਲੇ ਬਾਰੇ ਮੁੱਖ ਮੰਤਰੀ ਵੱਲੋਂ ਸੱਦੀ ਗਈ ਮੀਟਿੰਗ ਵਿੱਚ ਕਾਂਗਰਸ ਦੇ ਮੰਤਰੀਆਂ ਤੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਐਡਵੋਕੇਟ ਜਨਰਲ ਅਤੁਲ ਨੰਦਾ ਉੱਤੇ ਦੋਸ਼ ਲਾਏ ਸਨ ਕਿ ਲੱਖਾਂ ਰੁਪਏ ਖਰਚ ਕਰਨ ਦੇ ਬਾਵਜੂਦ ਕੇਸ ਨੂੰ ਠੀਕ ਤਰ੍ਹਾਂ ਪੇਸ਼ ਨਹੀਂ ਕੀਤਾ। ਕੰਵਰ ਵਿਜੈ ਪ੍ਰਤਾਪ ਸਿੰਘ ਦੀ ਚਿੱਠੀ ਦਾ ਵੇਰਵਾ ਬਾਹਰ ਆਉਣ ਦੇ ਬਾਅਦ ਪੰਜਾਬ ਸਰਕਾਰ ਲਈ ਪ੍ਰੇਸ਼ਾਨੀਆਂ ਖੜ੍ਹੀਆਂ ਹੋ ਗਈਆਂ ਹਨ।

## ਆਮ ਆਦਮੀ ਪਾਰਟੀ ਦੇ ਨੇਤਾ ਨੂੰ ਅਗਵਾ ਕਰਕੇ ਕੁੱਟ-ਮਾਰ, ਨੰਗਾ ਕਰ ਕੇ ਵੀਡੀਓ ਬਣਾਈ



ਮੋਗਾ, 19 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਇਸ ਸ਼ਹਿਰ ਵਿੱਚ ਦਿਨ ਦਿਹਾੜੇ ਆਮ ਆਦਮੀ ਪਾਰਟੀ ਦੇ ਸੂਬਾ ਜਾਇੰਟ ਸੈਕਟਰੀ ਅਮਿਤ ਪੁਰੀ ਨੂੰ ਅਣਪਛਾਤੇ ਨੌਜਵਾਨਾਂ ਨੇ ਅਗਵਾ ਕਰਕੇ ਉਸ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ ਅਤੇ ਜ਼ਖਮੀ ਕਰਨ ਤੋਂ ਬਾਅਦ 20 ਹਜ਼ਾਰ ਦੀ ਫਿਰੌਤੀ ਲੈ ਕੇ ਛੱਡਣ ਦੀ ਗੱਲ ਸਾਹਮਣੇ ਆਈ ਹੈ। ਪੀੜਤ ਨੂੰ ਬਾਅਦ ਵਿੱਚ ਸਿਵਲ ਹਸਪਤਾਲ ਮੋਗਾ ਵਿਖੇ ਦਾਖਲ ਕਰਵਾਇਆ ਗਿਆ ਹੈ।

ਅਮਿਤ ਪੁਰੀ ਨੇ ਦੱਸਿਆ ਕਿ ਉਹ ਮੋਟਰਸਾਈਕਲ ਉੱਤੇ ਕੋਟਕਪੂਰਾ ਬਾਈਪਾਸ ਤੋਂ ਆ ਰਿਹਾ ਸੀ। ਜਦੋਂ ਉਹ ਸਾਈਂ ਧਾਮ ਮੰਦਰ ਕੋਲ ਪੁੱਜਾ ਤਾਂ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਉਸ ਨੂੰ ਫੜ ਲਿਆ ਅਤੇ ਉਸਦੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਅਗਵਾ ਕਰਕੇ ਕਿਸੇ ਅਣਦੱਸੀ ਥਾਂ ਲੈ ਗਏ। ਆਪਣੇ ਆਪ ਨੂੰ ਸੀ ਆਈ ਏ ਸਟਾਫ ਵਾਲੇ ਦੱਸਦੇ ਉਹ ਲੋਕ ਇੱਕ ਲੱਖ ਰੁਪਏ ਦੀ ਮੰਗ ਕਰਨ ਲੱਗੇ। ਪੀੜਤ ਦਾ ਕਹਿਣਾ ਹੈ ਕਿ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਗਰੀਬ ਹਾਂ ਤੇ ਮੇਰੇ ਕੋਲ ਸਿਰਫ ਮੋਬਾਈਲ ਫ਼ੋਨ ਹੈ, ਉਹ ਤੁਸੀਂ ਲੈ ਲਵੋ, ਪ੍ਰੰਤੂ ਉਨ੍ਹਾਂ ਕੁੱਟ-ਮਾਰ ਕਰਨ ਪਿੱਛੋਂ ਨੰਗਾ ਕਰਕੇ ਮੇਰੀ ਵੀਡੀਓ ਵੀ ਬਣਾਈ। ਫਿਰ ਮੈਂ ਆਪਣੇ ਘਰੋਂ 20 ਹਜ਼ਾਰ ਰੁਪਏ ਮੰਗਵਾ ਕੇ ਦਿੱਤੇ ਤਾਂ ਉਨ੍ਹਾਂ ਨੇ ਮੈਨੂੰ ਛੱਡਿਆ।

ਡੀ ਐਸ ਪੀ ਸਿਟੀ ਬਰਜਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਉਹ ਇਸ ਕੇਸ ਨੂੰ ਗੰਭੀਰਤਾ ਨਾਲ ਲੈ ਰਹੇ ਹਨ ਤੇ ਘਟਨਾ ਸਥਾਨ ਦੇ ਆਸ-ਪਾਸ ਲੱਗੇ ਕੈਮਰਿਆਂ ਦੀ ਸੀ ਸੀ ਟੀ ਵੀ ਫੁਟੇਜ਼ ਦੇਖੀ ਜਾ ਰਹੀ ਹੈ।

## ਹਵਾਲਾਤੀ ਵੱਲੋਂ ਖੁਦਕੁਸ਼ੀ ਕਰਨ ’ਤੇ ਤਿੰਨ ਪੁਲਸ ਵਾਲੇ ਸਸਪੈਂਡ



ਕਰਤਾਰਪੁਰ, 19 ਅਪ੍ਰੈਲ (ਪੋਸਟ ਬਿਊਰੋ)- ਚੋਰੀ ਦੇ ਦੋਸ਼ ਹੇਠ ਕਰਤਾਰਪੁਰ ਥਾਣੇ ਵਿੱਚ ਬੰਦ ਮੁੱਦੋਵਾਲ ਦੇ ਜਤਿੰਦਰ ਸਿੰਘ ਨੇ ਰਾਤ ਹਵਾਲਾਤ ਵਿੱਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਮਗਰੋਂ ਸੀਨੀਅਰ ਪੁਲਸ ਅਧਿਕਾਰੀਆਂ ਨੇ ਵਧੀਕ ਥਾਣਾ ਮੁਖੀ ਨੂੰ ਲਾਈਨ ਹਾਜ਼ਰ ਕਰ ਕੇ ਤਿੰਨ ਪੁਲਸ ਮੁਲਾਜ਼ਮ ਸਸਪੈਂਡ ਕਰ ਦਿੱਤੇ ਹਨ।

ਜਤਿੰਦਰ ਸਿੰਘ ਦੀ ਖੁਦਕੁਸ਼ੀ ਦੀ ਸੂਚਨਾ ਮਿਲਦੇ ਸਾਰ ਪਰਵਾਰ ਨੇ ਥਾਣੇ ਅੱਗੇ ਪੰਜਾਬ ਪੁਲਸ ਤੇ ਵਧੀਕ ਥਾਣਾ ਮੁਖੀ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਨਹੀਂ ਕੀਤੀ ਜਾਂਦੀ, ਉਦੋਂ ਤੱਕ ਉਹ ਧਰਨੇ ਤੋਂ ਨਹੀਂ ਉਠਣਗੇ। ਲੋਕਾਂ ਦਾ ਦਬਾਅ ਪੈਂਦਾ ਦੇਖ ਕੇ ਸੀਨੀਅਰ ਪੁਲਸ ਅਧਿਕਾਰੀਆਂ ਨੇ ਵਧੀਕ ਥਾਣਾ ਮੁਖੀ ਆਤਮਜੀਤ ਸਿੰਘ ਨੂੰ ਲਾਈਨ ਹਾਜ਼ਰ, ਡਿਊਟੀ ਅਫਸਰ ਰੇਸ਼ਮ ਸਿੰਘ, ਨਾਈਟ ਮੁਨਸ਼ੀ ਬੀਰ ਦਵਿੰਦਰ ਸਿੰਘ ਤੇ ਸੰਤਰੀ ਦੀ ਡਿਊਟੀ ਉੱਤੇ ਤੈਨਾਤ ਬਲਵਿੰਦਰ ਸਿੰਘ ਨੂੰ ਸਸਪੈਂਡ ਕਰ ਦਿੱਤਾ ਹੈ।ਕਰਤਾਰਪੁਰ ਦੇ ਡੀ ਐਸ ਪੀ ਸੁਖਪਾਲ ਸਿੰਘ ਨੇ ਦੱਸਿਆ ਕਿ ਕਰਤਾਰਪੁਰ ਪੁਲਸ ਨੇ ਇੱਕ ਦਿਨ ਪਹਿਲਾਂ ਕੇਸ ਦਰਜ ਕਰ ਕੇ ਜਤਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਉਸ ਖਿਲਾਫ ਪਹਿਲਾਂ ਵੀ ਚੋਰੀ ਦੇ ਕੇਸ ਸਨ। ਉਨ੍ਹਾਂ ਦੱਸਿਆ ਕਿ ਖੁਦਕੁਸ਼ੀ ਦੀ ਜਾਂਚ ਮੈਜਿਸਟਰੇਟ ਵੱਲੋਂ ਕਰਵਾਈ ਜਾਵੇਗੀ।

## ਭੇਦਭਰੀ ਹਾਲਤ ਵਿੱਚ ਹੌਲਦਾਰ ਦੀ ਲਾਸ਼ ਰੁੱਖ ਨਾਲ ਲਟਕਦੀ ਮਿਲੀ




ਫ਼ਰੀਦਕੋਟ, 19 ਅਪ੍ਰੈਲ (ਪੋਸਟ ਬਿਊਰੋ)- ਟਰੈਫਿਕ ਪੁਲਸ ਦੇ ਮੁਲਾਜ਼ਮ ਦੀ ਲਾਸ਼ ਪਿੰਡ ਗੋਲੇਵਾਲਾ ਨੇੜੇ ਇੱਕ ਖੇਤ ਦੀ ਮੋਟਰ ਦੇ ਨਜ਼ਦੀਕ ਭੇਦਭਰੀ ਹਾਲਤ ਵਿੱ-ਚਇੱਕ ਰੁੱਖ ਨਾਲ ਲਟਕਦੀ ਮਿਲੀ। ਪੁਲਸ ਵੱਲੋਂ ਇਹ ਮਾਮਲਾ ਆਤਮ ਹੱਤਿਆ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਪਤਾ ਲੱਗਾ ਹੈ ਕਿ ਕਸਬਾ ਗੋਲੇਵਾਲਾ ਦੇ ਇੱਕ ਖੇਤ ਵਿੱਚ ਕੱਲ੍ਹ ਹੌਲਦਾਰ ਸਤਨਾਮ ਸਿੰਘ ਉਰਫ਼ ਸੱਤਾ ਦੀ ਲਾਸ਼ ਦਰੱਖਤ ਨਾਲ ਲਟਕਦੀ ਮਿਲੀ ਸੀ। ਸਤਨਾਮ ਸਿੰਘ ਸੱਤਾ ਥਾਣਾ ਸਾਦਿਕ ਵਿੱਚ ਟਰੈਫਿਕ ਮੁਲਾਜ਼ਮ ਵਜੋਂ ਡਿਊਟੀ ਕਰ ਰਿਹਾ ਸੀ। ਉਸ ਦਾ ਮੋਟਰਸਾਈਕਲ ਵੀ ਮੌਕੇ ਉੱਤੇ ਖੜਾ ਮਿਲਿਆ। ਸੂਚਨਾ ਮਿਲਦੇ ਸਾਰ ਗੋਲੇਵਾਲਾ ਚੌਂਕੀ ਇੰਚਾਰਜ ਗੁਰਮੇਜ ਸਿੰਘ ਦੀ ਅਗਵਾਈ ਵਿੱਚ ਪੁਲਸ ਟੀਮ ਮੌਕੇ ਉੱਤੇ ਪਹੁੰਚੀ। ਮ੍ਰਿਤਕ ਦੇ ਭਰਾ ਸੁਖਦੇਵ ਸਿੰਘ ਨੇ ਦੱਸਿਆ ਕਿ ਉਸ ਨੂੰ ਗੋਲੇਵਾਲਾ ਪੁਲਸ ਚੌਂਕੀ ਤੋਂ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਜਦ ਉਹ ਮੌਕੇ ਉੱਤੇ ਪਹੁੰਚੇ ਅਤੇ ਦੇਖਿਆ ਕਿ ਸਤਨਾਮ ਸਿੰਘ ਨੇ ਫਾਹਾ ਲਿਆ ਹੋਇਆ ਸੀ। ਉਸ ਨੇ ਦੱਸਿਆ ਕਿ ਉਸਦੀ ਥਾਣੇਦਾਰ ਲਈ ਪ੍ਰਮੋਸ਼ਨ ਹੋਣੀ ਸੀ, ਜਿਸ ਲਈ ਉਸ ਨੇ ਟਰੇਨਿੰਗ ਕਰਨ ਲਈ ਜਾਣਾ ਸੀ, ਪਰ ਇਹ ਘਟਨਾ ਵਾਪਰ ਗਈ ਹੈ। ਗੋਲੇਵਾਲਾ ਚੌਂਕੀ ਇੰਚਾਰਜ ਗੁਰਮੇਜ ਸਿੰਘ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਕਿ ਸਤਨਾਮ ਸਿੰਘ ਨੂੰ ‘ਹੈਪਾਟਾਈਟਸ-ਸੀ’ ਬਿਮਾਰੀ ਸੀ ਅਤੇ ਉਸ ਦਾ ਇਲਾਜ ਵੀ ਚੱਲ ਰਿਹਾ ਸੀ। ਬਿਮਾਰੀ ਠੀਕ ਨਾ ਹੋਣ ਕਰਕੇ ਉਹ ਪ੍ਰੇਸ਼ਾਨ ਰਹਿੰਦਾ ਸੀ, ਜਿਸ ਕਰਕੇ ਉਸ ਨੇ ਇਹ ਕਦਮ ਚੁੱਕਿਆ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਪਤਨੀ ਦੇ ਬਿਆਨਾਂ ਉੱਤੇਕੁਝ ਮੁੱਢਲੀ ਕਾਰਵਾਈ ਕੀਤੀ ਗਈ ਹੈ, ਪਰ ਇਸ ਤੋਂ ਅਗਲੀ ਜਾਂਚ ਵੀ ਕੀਤੀ ਜਾਵੇਗੀ।

### ਸ਼੍ਰੋਮਣੀ ਕਮੇਟੀ ਚੋਣਾਂ:

## ਗੁਰਦੁਆਰਾ ਚੋਣਾਂ ਦੇ ਚੀਫ਼ ਕਮਿਸ਼ਨਰ ਵੱਲੋਂ ਚਾਰਜ ਲੈਣਾ ਅੱਗੇ ਪਿਆ

ਚੰਡੀਗੜ੍ਹ, 19 ਅਪ੍ਰੈਲ (ਪੋਸਟ ਬਿਊਰੋ)- ਪੰਜਾਬ, ਹਰਿਆਣਾ, ਹਿਮ-ਾਚਲ ਪ੍ਰਦੇਸ਼ ਅਤੇ ਯੂ ਟੀ ਚੰਡੀਗੜ੍ਹ ਵਿਚਲੇ ਸਾਰੇਇਤਿਹਾਸਕ ਗੁਰਦੁਵਾਰਾ ਸਾਹਿਬਾਨ ਦੀ ਸੰਭਾਲ ਤੇ ਪ੍ਰਬੰਧ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 170 ਮੈਂਬਰੀ ਜਨਰਲ ਹਾਊਸ ਦੀਆਂ ਚੋਣਾਂ ਛੇਤੀ ਕਰਾਉਣ ਦੀ ਆਸ ਇਸ ਸਾਲ ਨਹੀਂ ਕੀਤੀ ਜਾ ਸਕਦੀ।

ਵਰਨਣ ਯੋਗ ਹੈ ਕਿ ਜਦੋਂ ਸਾਬਕਾ ਜਸਟਿਸ ਐਸ ਐਸ ਸਾਰੋਂ ਨੂੰ ਗੁਰਦੁ-ਆਰਾ ਚੋਣਾਂ ਦੇ ਚੀਫ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਸੀ ਤਾਂ ਇਹ ਆਸ ਬੱਝੀ ਸੀ ਕਿ ਸ਼੍ਰੋਮਣ ਕਮੇਟੀ ਦੀਆਂ ਚੋਣਾਂ ਛੇਤੀ ਹੋ ਜਾਣਗੀਆਂ, ਪਰ, ਉਹ ਆਸ ਇੱਕ ਵਾਰ ਫਿਰ ਲਟਕ ਗਈ ਹੈ ਤੇ ਅਗਲੇ ਸਾਲ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਹੋਣ ਦੀ ਕੋਈ ਆਸ ਨਹੀਂ ਰਹੀ। ਪਿਛਲੇ ਸਾਲ 9 ਅਕਤੂਬਰ ਦੇ ਨੋਟੀਫ਼ੀਕੇਸ਼ਨ ਅਨੁਸਾਰ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਸਾਬਕਾ ਜੱਜ, ਜਸਟਿਸ ਐੱਸ ਐੱਸ ਸਾਰੋਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਵਾਸਤੇ ਚੀਫ਼ ਕਮਿਸ਼ਨਰ ਨਿਯੁਕਤ ਕੀਤਾ ਸੀ ਪਰ ਸੱਤ ਮਹੀਨੇ ਬਾਅਦ ਵੀ ਉਹ ਇਸ ਅਹੁਦੇ ਦਾ ਚਾਰਜ ਨਹੀਂ ਸੰਭਾਲ ਸਕੇ। ਇਸ ਬਾਰੇ ਜਸਟਿਸ ਸਾਰੋਂ ਨੇ ਦੱਸਿਆ ਕਿ ਚੰਡੀਗੜ੍ਹ ਦੇ ਸੈਕਟਰ 17 ਵਿੱਚ ਪਿਛਲੇ 9 ਸਾਲਾਂ ਤੋਂ ਬੰਦ ਪਏ ਇਸ ਦਫ਼ਤਰ ਦੀ ਸਾਫ਼ ਸਫ਼ਾਈ, ਮੁਰੰਮਤ, ਬਿਜਲੀ ਅਤੇ ਪਾਣੀ ਦੇ ਕੁਨੈਕਸ਼ਨ, ਫ਼ਰਨੀਚਰ, ਮੇਜ਼ ਕੁਰਸੀ, ਸਟਾਫ਼, ਕਮਰਿਆਂ ਦੀ ਪਾਰਟੀਸ਼ਨ, ਕੰਪਿਊਟਰ, ਰੰਗ ਰੋਗਨ ਤੇ ਟਾਇਲੇਟਸਵਗ਼ੈਰਾ ਦਾ ਕੰਮ ਅਜੇ ਪਿਛਲੇ ਹਫ਼ਤੇ ਸ਼ੁਰੂ ਹੋਇਆ ਹੈ। ਦੋ ਮੰਜ਼ਲਾ ਇਸ ਦਫ਼ਤਰ ਦੀ ਮੁਰੰਮਤ ਲਈ ਕੁੱਲ 3-4 ਵਰਕਰ ਕੰਮ ਉੱਤੇ ਲੱਗੇ ਸਨ। ਪਤਾ ਲੱਗਾ ਹੈ ਕਿ 90 ਲੱਖ ਰੁਪਏ ਦੇ ਟੈਂਡਰ ਪਾਸ ਹੋਏ ਸਨ ਅਤੇ ਘੱਟੋ ਘੱਟ ਛੇ ਮਹੀਨੇ ਇਸ ਕੰਮ ਨੂੰ ਲੱਗ ਜਾਣਗੇ, ਇਸ ਲਈ ਛੇਤੀ ਚੋਣਾਂ ਦੀ ਕੋਈ ਆਸ ਨਹੀਂ।

ਦੂਸਰੇ ਪਾਸੇ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ 2018 ਵਿੱਚ ਜਸਟਿਸ ਐੱਸ ਐੱਸ ਸਾਰੋਂ ਦੀ ਪ੍ਰਧਾਨਗੀ ਹੇਠ ਪੰਜ ਮੈਂਬਰੀ ਰੈਵਿਨਿਊ ਕਮਿਸ਼ਨ ਬਣਾਇਆ ਸੀ, ਇਸ ਦੀ ਮਿਆਦ ਵਿੱਚ ਇੱਕ ਸਾਲ ਹੋਰ ਵਧਾ ਦਿੱਤੀ ਗਈ ਹੈ ਅਤੇ ਇਹ ਕਮਿਸ਼ਨ 31 ਮਾਰਚ 2022 ਤੱਕ ਕੰਮ ਕਰੇਗਾ। ਜਸਟਿਸ ਸਾਰੋਂ ਨੇ ਦੱਸਿਆ ਕਿ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਦਾ ਚਾਰਜ ਲੈਣ ਮਗਰੋਂ ਉਹ ਸਿੱਖ ਜਥੇਬੰਦੀਆਂ ਦੇ ਸੁਝਾਵਾਂਅਤੇ ਸਿੱਖ ਵੋਟਰਾਂ ਦੀ ਉਮਰ 21 ਸਾਲ ਰੱਖਣ ਦੀ ਥਾਂ 18 ਸਾਲ ਕਰਨ, ਵੋਟਰ ਫ਼ਾਰਮ ਵਿੱਚ ਤੈਅ ਸ਼ਰਤਾਂ ਵਿੱਚ ਨਰਮੀ ਜਾਂ ਸਖ਼ਤੀ, ਸਿੱਖ ਮਰਦਾਂ ਤੇ ਬੀਬੀਆਂ ਦੇ ਫ਼ੋਟੋ ਵਾਲੇ ਡਿਜੀਟਲ ਵੋਟਰ ਕਾਰਡ ਬਣਾਉਣ ਅਤੇ ਗੁਰਦੁਆਰਾ ਐਕਟ 1952 ਵਿੱਚ ਸਦੀਆਂ ਪੁਰਾਣੀਆਂ ਧਾਰਾਵਾਂ ਵਿੱਚ ਸੁਧਾਰ, ਤਰਮੀਮ ਜਾਂ ਅਦਲਾ ਬਦਲੀ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਜਿਵੇਂ ਰੈਵਿਨਿਊ ਕਮਿਸ਼ਨ ਲਈ ਮਿਲੇ ਅਧਿਕਾਰਾਂ ਤਹਿਤ ਉਨ੍ਹਾਂ ਨੇ ਕਈ ਤਰ੍ਹਾਂ ਦੇ ਐਕਟ ਵਿਧਾਨ ਸਭਾ ਵਿੱਚ ਪਾਸ ਕਰਵਾਏ ਹਨ, ਓਦਾਂ ਹੀ ਉਹਸ਼੍ਰੋਮਣੀ ਕਮੇਟੀ ਦੇ ਚੋਣ ਪ੍ਰਬੰਧਾਂ ਵਿੱਚ ਵੀ ਨਵੇਂ ਸਿੱਖ ਵੋਟਰਾਂ ਦੀ ਸੋਚ ਮੁਤਾਬਕ ਕੰਮ ਕਰਨਗੇ ਅਤੇ ਸੋਧਲਈ ਕੇਂਦਰ ਸਰਕਾਰ ਨੂੰ ਲਿਖਣਗੇ ਅਤੇ ਇਹ ਸੋਧਾਂ ਪਾਸ ਕਰਵਾਉਣ ਦਾ ਯਤਨ ਕਰਨਗੇ।

Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

